ਗੁਰੂ ਰਵਿਦਾਸ

ਰਾਸ਼ਟਰੀ ਜੀਵਨੀਆਂ ਦੀ ਲੜੀ

ਗੁਰੂ ਰਵਿਦਾਸ

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ

ਅਨੁਵਾਦਕ
ਰਵੀ ਕੁਮਾਰ ਅਨੂ

ਨੈਸ਼ਨਲ ਬੁਕ ਟਰੱਸਟ, ਇੰਡੀਆ

ISBN 81-237-0551-4

1986 (ਸ਼ੱਕ ਸੰਮਤ 1908)
ਦੂਜਾ ਸੋਧਿਆ ਹੋਇਆ ਸੰਸਕਰਣ 1993 (ਸ਼ੱਕ ਸੰਮਤ 1915)

Guru Ravidass (Punjabi)

ਮੁੱਲ : 16.00

ਡਾਇਰੈਕਟਰ, ਨੈਸ਼ਨਲ ਬੁਕ ਟਰੱਸਟ, ਇੰਡੀਆ, ਏ-5, ਗਰੀਨ ਪਾਰਕ, ਨਵੀਂ ਦਿੱਲੀ-110016 ਵਲੋਂ ਪ੍ਰਕਾਸ਼ਿਤ ।

ਤਤਕਰਾ

ਪ੍ਰਸਤਾਵਨਾ

ਸਾਡੇ ਇਸ ਅਨੇਕ ਧਰਮਾਂ ਵਾਲੇ ਦੇਸ਼ ਵਿਚ ਸਮੇਂ-ਸਮੇਂ ਅਜਿਹੇ ਮਹਾਂ ਪੁਰਸ਼ਾਂ ਦਾ ਆਗਮਨ ਹੁੰਦਾ ਰਿਹਾ ਹੈ ਜਿਨ੍ਹਾਂ ਨੇ ਭਾਰਤ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਇਤਿਹਾਸ ਨੂੰ ਬਣਾਉਣ ਵਿਚ ਆਪਣੀ ਅਤਿਅੰਤ ਮਹੱਤਵਪੂਰਨ ਦੇਣ ਦਿੱਤੀ ਹੈ। ਅਜਿਹੇ ਅਸਾਧਾਰਣ ਵਿਅਕਤੀਆਂ ਵਿਚ ਉਨ੍ਹਾਂ ਸੰਤਾਂ ਅਤੇ ਭਗਤਾਂ ਦੇ ਨਾਂ ਪਹਿਲੀ ਪੰਕਤੀ ਵਿਚ ਆਉਂਦੇ ਹਨ ਜਿਨ੍ਹਾਂ ਨੇ ਹਿੰਦੂ ਧਰਮ ਅਤੇ ਸੰਸਕ੍ਰਿਤੀ ਦੇ ਵਾਸਤਵਿਕ ਸਰੂਪ ਤੇ ਗੌਰਵ ਨੂੰ ਬਣਾਈ ਰਖਿਆ ਅਤੇ ਸਮਾਜ ਦੇ ਤ੍ਰਿਸਕਾਰੇ, ਪੀੜਤ ਅਤੇ ਬੇਆਸਰਾ ਲੋਕਾਂ ਨੂੰ ਆਦਰ, ਆਸਰਾ ਅਤੇ ਸੁਖ ਪ੍ਰਦਾਨ ਕਰਕੇ ਅਜਿਹੇ ਸਮਾਜ ਦੀ ਰਚਨਾ ਦਾ ਯਤਨ ਕੀਤਾ, ਜਿਥੇ ਸਭ ਨੂੰ ਜੀਵਨ ਦੇ ਹਰ ਇਕ ਖੇਤਰ ਵਿਚ ਬਰਾਬਰਤਾ ਮਿਲ ਸਕੇ। ਅਜਿਹੇ ਪਰਮ ਸੰਤਾਂ ਵਿਚ ਭਗਤ ਸ਼੍ਰੋਮਣੀ ਗੁਰੂ ਰਵਿਦਾਸ ਜੀ ਦਾ ਨਾਮ ਬੜੇ ਆਦਰ ਨਾਲ ਲਿਆ ਜਾਂਦਾ ਹੈ, ਜਿਨ੍ਹਾਂ ਨੇ ਚਰਮਕਾਰ ਜ਼ਾਤੀ ਵਿਚ ਜਨਮ ਲੈ ਕੇ ਪੁਰਾਤਨ ਸੰਸਕ੍ਰਿਤੀ ਦੇ ਸੱਚੇ ਸਰੂਪ ਨੂੰ ਨਿਖਾਰ ਕੇ ਉਜਾਗਰ ਕੀਤਾ ਅਤੇ ਉਸ ਨੂੰ ਯੁਗਾਂ-ਯੁਗਾਂ ਤੱਕ ਬਣਾਈ ਰਖਣ ਦੇ ਲਈ ਜੋ ਮਹਾਨ ਕੰਮ ਕੀਤਾ, ਉਹ ਜਿਥੇ ਜਨ-ਕਲਿਆਣਕਾਰੀ ਹੈ ਉਥੇ ਬੇਮਿਸਾਲ ਵੀ ਹੈ।

ਗੁਰੂ ਰਵਿਦਾਸ ਜੀ ਨੂੰ 14ਵੀਂ ਸਦੀ ਦੇ ਉਨ੍ਹਾਂ ਸੰਤ ਕਵੀਆਂ ਵਿਚ ਇਕ ਅਹਿਮ ਸਥਾਨ ਪ੍ਰਾਪਤ ਹੈ ਜਿਨ੍ਹਾਂ ਨੇ ਸਹਜ ਅਤੇ ਸਰਲ ਭਾਸ਼ਾ ਵਿਚ ਆਪਣੀ ਬਾਣੀ ਅਤੇ ਸ਼ਬਦਾਂ ਦੁਆਰਾ ਭਗਤੀ ਰਸ ਦੀ ਪਾਵਨ ਗੰਗਾ ਵਹਾਈ, ਮਾਨਵ-ਮਾਤਰ ਦੇ ਲਈ ਬਰਾਬਰਤਾ ਦਾ ਸੰਦੇਸ਼ ਦਿੱਤਾ, ਤਤਕਾਲੀਨ ਭਾਰਤ ਦੇ ਕਰੋੜਾਂ ਅਸ਼ਾਂਤ ਲੋਕਾਂ ਨੂੰ ਸੁਖੀ ਅਤੇ ਸ਼ਾਂਤ ਕੀਤਾ ਅਤੇ ਅੰਧ-ਵਿਸ਼ਵਾਸਾਂ ਅਤੇ ਅਸਮਾਨਤਾ ਨਾਲ ਪੀੜਤ ਜਨ-ਮਾਨਸ ਨੂੰ ਸਹਾਰਾ ਦਿੱਤਾ ਸੀ।

ਰਵਿਦਾਸ ਜੀ ਜਮਾਂਦਰੂ ਸੰਤ ਸਨ। ਉਹ ਗ੍ਰਿਹਸਤੀ ਦੇ ਬੰਧਨਾਂ ਵਿਚ ਹੋਣ ਦੇ ਬਾਵਜੂਦ ਵੀ ਪੂਰੇ ਸੰਤ ਹੀ ਰਹੇ। ਉਨ੍ਹਾਂ ਨੇ ਭਗਤੀ-ਅੰਦੋਲਨ ਨੂੰ ਇਕ ਨਵੀਂ ਦਿਸ਼ਾ ਦੇ ਕੇ ਮਾਨਵ-ਕਲਿਆਣ ਅਤੇ ਸਮਾਜ-ਸੁਧਾਰ ਦਾ ਅੰਦੋਲਨ ਬਣਾਇਆ, ਜਿਸ ਨਾਲ ਸਮਾਜਿਕ ਸੰਗਠਨ ਨੂੰ ਇਕ ਅਜਿਹੀ ਅਨੋਖੀ ਪ੍ਰੇਰਕ ਸ਼ਕਤੀ ਮਿਲੀ ਜਿਸ ਨੇ ਨਾ ਕੇਵਲ

ਪੁਰਾਤਨ ਸੰਸਕ੍ਰਿਤੀ ਦੀ ਹੀ ਰੱਖਿਆ ਕੀਤੀ ਬਲਕਿ ਮਾਨਵਤਾ ਨੂੰ ਬਚਾ ਕੇ ਰੱਖਣ ਵਿਚ ਵੀ ਸਹਾਇਕ ਸਿੱਧ ਹੋਈ ਅਤੇ ਅੰਤ ਵਿਚ 'ਮਾਨਵ-ਮਾਨਵ ਸਭੀ ਸਮਾਨ' ਦੀਆਂ ਭਾਵਨਾਵਾਂ ਨੇ ਇਕ ਅਜਿਹੇ ਜਨ-ਕਲਿਆਣਕਾਰੀ ਅੰਦੋਲਨ ਦਾ ਰੂਪ ਧਾਰਨ ਕੀਤਾ ਜਿਸ ਵਿਚ ਕਰਮਮਈ ਜੀਵਨ ਨੂੰ ਹੀ ਵਾਸਤਵਿਕ ਧਰਮ ਮੰਨਿਆ ਜਾਣ ਲੱਗਾ। ਰਵਿਦਾਸ ਜੀ ਨੇ 'ਕਰਮ ਹੀ ਧਰਮ ਹੈ' ਦੇ ਸਿੱਧਾਂਤ ਨੂੰ ਅਪਣਾ ਕੇ ਗੀਤਾ ਦੇ ਇਸ ਆਦੇਸ਼ ਦੀ ਹੀ ਪੁਸ਼ਟੀ ਕੀਤੀ ਹੈ ਕਿ ਈਸ਼ਵਰ ਦਾ ਆਸਰਾ ਲੈ ਕੇ ਸਦਾ ਕਰਮ ਕਰਦਾ ਹੋਇਆ ਵੀ ਮਨੁੱਖ ਭਗਵਤ-ਕ੍ਰਿਪਾ ਨਾਲ ਪਰਮਪਦ ਨੂੰ ਪ੍ਰਾਪਤ ਕਰਦਾ ਹੈ (ਗੀਤਾ 18, 56) ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਕਿਹਾ ਹੈ ਕਿ :

ਜਿਹਵਾ ਸੋਂ ਓਂਕਾਰ ਜਪ, ਹੱਥਨ ਸੋ ਕਰ ਕਾਰ
ਰਾਮ ਮਿਲਹਿ ਘਰ ਆਇ ਕਰ, ਕਹਿ ਰਵਿਦਾਸ ਵਿਚਾਰ ॥
ਨੇਕ ਕਮਾਈ ਜੋ ਕਰੇ, ਗ੍ਰਿਹਿ ਤਜਿ ਬਨ ਨਹੀਂ ਜਾਯ,
ਰਵਿਦਾਸ ਹਮਾਰੋ ਰਾਮ ਰਾਯ ਗ੍ਰਿਹਿ ਮਹਿ ਮਿਲਿਹ ਆਯ ॥

ਸਤਿਗੁਰੂ ਰਵਿਦਾਸ ਦੀ ਬਾਣੀ ਵਿਚ ਕਟੁਤਾ ਨਹੀਂ, ਬਲਕਿ ਮਧੁਰਤਾ ਅਤੇ ਨਿਮਰਤਾ ਹੈ। ਉਨ੍ਹਾਂ ਨੇ ਨਾ ਤਾਂ ਕਿਸੇ ਉਪਰ ਸਖ਼ਤ ਟਿੱਪਣੀ ਕੀਤੀ ਅਤੇ ਨਾ ਹੀ ਵਿਅੰਗ। ਉਹ ਕਬੀਰ ਜੀ ਦੇ ਸਮਕਾਲੀ ਤਾਂ ਸਨ ਪ੍ਰੰਤੂ ਉਨ੍ਹਾਂ ਨੇ ਕਬੀਰ ਜੀ ਦੀ ਭਾਸ਼ਾ ਦਾ ਪ੍ਰਯੋਗ ਨਹੀਂ ਕੀਤਾ। ਉਹ ਮਧੁਰ ਸੁਭਾਅ ਦੇ ਸੱਚੇ ਵੈਸ਼ਨਵ, ਅਹਿੰਸਕ, ਅਭਿਮਾਨ ਰਹਿਤ ਪਰਮ ਸੰਤ ਸਨ, ਜਿਨ੍ਹਾਂ ਨੇ ਅਨੇਕਾਂ ਕਠਿਨਾਈਆਂ ਨੂੰ ਸਹਾਰ ਕੇ ਵੀ ਭਗਵਤ-ਭਗਤੀ ਦਾ ਰਸਤਾ ਨਹੀਂ ਛੱਡਿਆ ਅਤੇ ਮਿਹਨਤ ਕਰਕੇ ਆਪਣੀ ਰੋਜ਼ੀ-ਰੋਟੀ ਕਮਾਈ, ਸਾਧੂ ਸੰਤਾਂ ਦੀ ਸੇਵਾ ਕੀਤੀ ਅਤੇ ਅਜਿਹੇ ਸਮਾਜ ਦੀ ਸਥਾਪਨਾ ਦੇ ਲਈ ਜੀਵਨ ਭਰ ਸੰਘਰਸ਼ ਕਰਦੇ ਰਹੇ ਜਿਥੇ ਸਭ ਨੂੰ ਸਮਾਨਤਾ, ਆਤਮਿਕ ਸ਼ਾਂਤੀ ਅਤੇ ਸੁਖ ਮਿਲ ਸਕੇ।

ਰਵਿਦਾਸ ਜੀ ਨੇ ਵੱਖ-ਵੱਖ ਸੰਪ੍ਰਦਾਵਾਂ ਤੇ ਮਤ-ਮਤਾਂਤਰ ਵਿਚ ਪ੍ਰਭਾਵ ਨੂੰ ਵਿਚਾਰ ਕੇ ਆਪਣੇ ਧਰਮ-ਪ੍ਰਚਾਰ ਅਤੇ ਸਮਾਜ ਸੁਧਾਰ ਦੇ ਢੰਗ ਨੂੰ ਇਕ ਸੁਤੰਤਰ ਰੂਪ ਦਿੱਤਾ ਸੀ ਜਿਸ ਨੂੰ ਹਰ ਮਾਨਵ-ਧਰਮ ਅਤੇ ਵਿਸ਼ਵ ਧਰਮ ਦੀ ਸੰਗਿਆ ਦਿੱਤੀ ਜਾ ਸਕਦੀ ਹੈ, ਜਿਸ ਵਿਚ ਨਾ ਤਾਂ ਕਿਸੇ ਕਰਮ ਕਾਂਡ ਦਾ ਬੰਧਨ ਹੈ, ਨਾ ਵਰਣ ਅਤੇ ਜ਼ਾਤ ਉਪਰ ਆਧਾਰਿਤ ਕੋਈ ਸੀਮਾ ਹੈ। ਗੁਰੂ ਰਵਿਦਾਸ ਜੀ ਦੀ ਜਨ-ਕਲਿਆਣ ਦੀ ਇਸ ਵਿਚਾਰਧਾਰਾ ਨੇ ਹੀ ਉਨ੍ਹਾਂ ਨੂੰ ਸਰਬਜਨ-ਲੋਕਪ੍ਰਿਯ ਸੰਤ ਬਣਾ ਦਿੱਤਾ। ਸੰਤ ਸ਼੍ਰੋਮਣੀ ਗੁਰੂ ਰਵਿਦਾਸ ਜੀ ਦੀਆਂ ਜੀਵਨ-ਗਾਥਾਵਾਂ ਅਤੇ ਉਨ੍ਹਾਂ ਦੀ ਅੰਮ੍ਰਿਤ ਬਾਣੀ ਅੱਜ ਦੇ ਇਸ ਵਿਗਿਆਨ ਦੇ ਯੁਗ ਵਿਚ ਵੀ ਭਾਵਹੀਣ ਕਠੋਰ ਮਾਨਵ ਹਿਰਦੇ ਨੂੰ ਪੰਘਲਾਉਣ ਅਤੇ ਰਸ ਨਾਲ ਭਰਪੂਰ ਕਰਨ ਦੀ ਸਮਰਥਾ ਰਖਦੀ ਹੈ। ਪਿੱਛੜੇ ਵਰਗ ਦੇ ਕਰੋੜਾਂ ਲੋਕਾਂ ਨੂੰ ਸੇਧ ਦੇ ਕੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਦੀ ਹੈ।

ਮਹਾਂ ਪੁਰਸ਼ਾਂ ਦਾ ਜੀਵਨ ਅਤੇ ਉਨ੍ਹਾਂ ਦਾ ਅਮਰ ਸੰਦੇਸ਼ ਜਨ-ਸਾਧਾਰਣ ਦੇ ਲਈ

'ਰੋਸ਼ਨੀ ਦੇ ਮੀਨਾਰ' ਦਾ ਕੰਮ ਕਰਦਾ ਹੈ । ਇਹ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਦੇਸ਼ ਦੀਆਂ ਇਨ੍ਹਾਂ ਮਹਾਨ ਸ਼ਖ਼ਸੀਅਤਾਂ ਦੇ ਵਿਸ਼ੇ ਵਿਚ ਜਾਣਕਾਰੀ ਦਿੱਤੀ ਜਾਵੇ ਤਾਂ ਕਿ ਉਹ ਇਹ ਜਾਣ ਸਕਣ ਕਿ ਸਾਡਾ ਦੇਸ਼ ਕਿਹੜੀਆਂ ਕਿਹੜੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰਦਾ ਹੋਇਆ ਇਥੋਂ ਤੱਕ ਆ ਪਹੁੰਚਿਆ ਹੈ, ਜਿਥੇ ਅਸੀਂ ਅੱਜ ਪਹੁੰਚੇ ਹਾਂ ।

'ਰਾਸ਼ਟਰੀ ਜੀਵਨੀਆਂ ਦੀ ਲੜੀ' ਦੇ ਅੰਤਰਗਤ ਇਹ ਜੋ ਗੁਰੂ ਰਵਿਦਾਸ ਜੀ ਦੀ ਜੀਵਨੀ ਪਾਠਕਾਂ ਨੂੰ ਭੇਂਟ ਕੀਤੀ ਜਾ ਰਹੀ ਹੈ, ਇਸ ਦਾ ਉਦੇਸ਼ ਵਿਦਵਤਾਪੂਰਨ ਅਤੇ ਸਰਬਪੱਖੀ ਰਵਿਦਾਸ ਜੀ ਦਾ ਜੀਵਨ ਪੇਸ਼ ਕਰਨਾ ਨਹੀਂ ਹੈ ਬਲਕਿ ਸਰਬ ਸਾਧਾਰਣ ਨੂੰ ਉਸ ਪਰਮ ਸੰਤ ਗੁਰੂ ਰਵਿਦਾਸ ਦੇ ਵਿਸ਼ੇ ਵਿਚ ਜਾਣਕਾਰੀ ਦੇਣੀ ਹੈ, ਜਿਸ ਦੀ ਪਵਿੱਤਰ ਬਾਣੀ ਵਿਚ ਨਿਰਮਾਣਕਾਰੀ ਤੱਤ, ਜੀਵਨ ਦੀ ਪਵਿੱਤਰਤਾ, ਆਚਰਣ ਦੀ ਸ਼ੁਧਤਾ, ਤ੍ਰਿਸ਼ਨਾਵਾਂ ਤੋਂ ਮੁਕਤੀ, ਪ੍ਰਭੂ ਵਿਚ ਮਿਲਣ ਦੀ ਤੜਪ, ਮਾਨਵ ਪ੍ਰੇਮ, ਉਦਾਰਤਾ, ਸਹਿਣਸ਼ੀਲਤਾ, ਦਇਆ, ਸਬਰ, ਸਾਧੂ ਵਾਲਾ ਜੀਵਨ, ਨਿਮਰਤਾ, ਬਿਬੇਕ-ਸ਼ੀਲਤਾ ਆਦਿ ਅਨੇਕ ਵਿਸ਼ੇਸ਼ਤਾਵਾਂ ਹਨ ਜੋ ਅੱਜ ਦੇ ਇਸ ਵਿਗਿਆਨਕ ਯੁਗ ਦੇ ਭਟਕੇ ਹੋਏ ਇਨਸਾਨ ਨੂੰ ਪ੍ਰਭਾਵਿਤ ਕਰਕੇ, ਮਾਨਵ ਤੋਂ ਮਹਾਂ-ਮਾਨਵ ਬਣਾਉਣ ਦੀ ਸਮਰਥਾ ਰਖਦੀ ਹੈ । ਸੰਤਾਂ ਅਤੇ ਭਗਤਾਂ ਨੇ ਆਪਣੀ ਪਵਿੱਤਰ ਬਾਣੀ ਵਿਚ ਜਨਤਾ ਦੀ ਭਾਸ਼ਾ ਦਾ ਪ੍ਰਯੋਗ ਕਰਕੇ ਉਨ੍ਹਾਂ ਨੂੰ ਆਪਣਾ ਅਮਰ ਸੰਦੇਸ਼ ਦਿੱਤਾ ਹੈ ਅਤੇ ਜਿਨ੍ਹਾਂ ਸਜੀਵ ਕਦਰਾਂ ਕੀਮਤਾਂ ਨੂੰ ਇਨ੍ਹਾਂ ਬਾਣੀਆਂ ਵਿਚ ਪੇਸ਼ ਕੀਤਾ ਗਿਆ ਹੈ ਉਸ ਨਾਲ ਇਹ ਬਾਣੀਆਂ ਹਰ ਇਕ ਦੇਸ਼, ਸਮਾਜ ਅਤੇ ਕਾਲ ਦੇ ਲਈ ਆਪਣੀ ਇਕ ਵਿਸ਼ੇਸ਼ ਮਹੱਤਤਾ ਰਖਣ ਵਾਲੀਆਂ ਸੰਤ ਬਾਣੀਆਂ ਬਣ ਗਈਆਂ ਹਨ । ਰਵਿਦਾਸ ਜੀ ਦੀ ਜੀਵਨ ਗਾਥਾ ਅਤੇ ਉਸ ਦੀ ਅੰਮ੍ਰਿਤ ਬਾਣੀ ਵੀ ਲੋਕਾਂ ਦਾ ਕਲਿਆਣ ਕਰਨ ਵਾਲੀ ਹੈ । ਲੋਕਾਂ ਦੇ ਕਲਿਆਣ ਦੇ ਲਈ ਹੀ ਇਹ ਪੁਸਤਕ ਲਿਖੀ ਗਈ ਹੈ । ਮੈਂ ਨਾ ਤਾਂ ਕੋਈ ਵਿਦਵਾਨ ਹਾਂ ਅਤੇ ਨਾ ਹੀ ਚੰਗਾ ਲੇਖਕ । ਹਾਂ, ਇਕ ਜਮਾਂਦਰੂ ਸਮਾਜ ਸੇਵਕ ਜ਼ਰੂਰ ਹਾਂ ਜਿਸ ਦਾ ਸੰਬੰਧ ਰਵਿਦਾਸ ਪਰਿਵਾਰ ਨਾਲ ਹੈ । ਮੇਰੀ ਸਮਾਜ ਸੇਵਾ ਅਤੇ ਰਵਿਦਾਸ ਜੀ ਪ੍ਰਤਿ ਸ਼ਰਧਾ ਅਤੇ ਵਿਸ਼ਵਾਸ ਨੂੰ ਦੇਖ ਕੇ ਹੀ ਨੈਸ਼ਨਲ ਬੁਕ ਟਰੱਸਟ, ਇੰਡੀਆ ਨੇ ਮੇਰੇ ਤੋਂ ਇਹ ਛੋਟੀ ਜਿਹੀ ਪੁਸਤਕ ਸ੍ਰੀ ਗੁਰੂ ਰਵਿਦਾਸ ਸਭਾ, ਯੂ. ਕੇ. ਦੇ ਕਹਿਣ 'ਤੇ ਲਿਖਵਾਈ ਹੈ । ਇਸ ਪੁਸਤਕ ਨੂੰ ਨੈਸ਼ਨਲ ਬੁਕ ਟਰੱਸਟ, ਇੰਡੀਆ ਨੇ ਛਾਪਣ ਦਾ ਨਿਸ਼ਚਾ ਕਰਕੇ ਸਾਡੇ ਸਮਾਜ ਦੀ ਇਕ ਬਹੁਤ ਵੱਡੀ ਸੇਵਾ ਕੀਤੀ ਹੈ, ਜਿਸ ਦੇ ਲਈ ਮੈਂ ਆਪਣੇ ਸਮਾਜ ਵਲੋਂ ਧੰਨਵਾਦ ਪੇਸ਼ ਕਰਦਾ ਹਾਂ । ਮੈਨੂੰ ਆਸ ਹੈ ਕਿ ਜਿਸ ਸ਼ਰਧਾ ਅਤੇ ਭਾਵਨਾ ਤੋਂ ਪ੍ਰੇਰਿਤ ਹੋ ਕੇ ਮੈਂ ਇਹ ਪੁਸਤਕ ਲਿਖੀ ਹੈ, ਉਸ ਭਾਵਨਾ ਨਾਲ ਹੀ ਇਸ ਨੂੰ ਪਾਠਕ ਦੇਖਣਗੇ ਅਤੇ ਜਿਥੇ ਵੀ ਕੋਈ ਭੁੱਲ ਹੋਵੇ, ਉਸ ਨੂੰ ਠੀਕ ਕਰਕੇ ਸੂਚਿਤ ਕਰਨਗੇ ਤਾਂ ਕਿ ਉਸ ਦਾ ਸੁਧਾਰ ਕੀਤਾ ਜਾ ਸਕੇ ।

—ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ

1. ਰਾਮਾਨੰਦ ਦਾ ਭਗਤੀ ਅੰਦੋਲਨ ਅਤੇ ਗੁਰੂ ਰਵਿਦਾਸ

ਭਾਰਤੀ ਸੰਸਕ੍ਰਿਤੀ ਸੰਸਾਰ ਦੀਆਂ ਪ੍ਰਾਚੀਨਤਮ ਸੰਸਕ੍ਰਿਤੀਆਂ ਵਿਚੋਂ ਹੈ। ਇਸ ਸੰਸਕ੍ਰਿਤੀ ਨੂੰ ਦੱਸਣ ਵਾਲੀ ਪੁਸਤਕ ਰਿਗਵੇਦ ਹੈ ਜੋ ਕਿ ਸੰਸਾਰ ਦਾ ਸਭ ਤੋਂ ਪਹਿਲਾਂ ਗ੍ਰੰਥ ਹੈ। ਵੇਦਾਂ ਵਿਚ ਭਾਰਤੀ ਸੰਸਕ੍ਰਿਤੀ ਦਾ ਸੱਚਾ ਸਰੂਪ ਦੱਸਿਆ ਗਿਆ ਹੈ ਜੋ ਮਨੁੱਖ ਮਾਤਰ ਲਈ ਏਕਤਾ ਅਤੇ ਪਿਆਰ ਦਾ ਉਦਾਹਰਣ ਪੇਸ਼ ਕਰਦਾ ਹੈ। ਇਨ੍ਹਾਂ ਵਿਚ ਮਨੁੱਖ-ਸਮਾਜ ਲਈ ਸਮਾਨਤਾ ਦਾ ਵਿਵਹਾਰ ਦੱਸਣ ਵਾਲੇ ਵਿਚਾਰ ਭਰੇ ਹੋਏ ਹਨ। ਇਨ੍ਹਾਂ ਦਾ ਅਧਿਐਨ ਕਰਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਮੂਲ ਰੂਪ ਵਿਚ ਭਾਰਤੀ ਸੰਸਕ੍ਰਿਤੀ ਵਿਚ ਮਾਨਵ-ਮਾਨਵ ਵਿਚ ਸਮਾਨਤਾ ਦਾ ਹੀ ਭਾਵ ਸੀ। ਸ਼ੁਰੂ ਵਿਚ ਜ਼ਾਤ ਪਾਤ ਤੇ ਊਚ-ਨੀਚ ਦਾ ਕੋਈ ਭੇਦ ਨਹੀਂ ਸੀ। ਮਨੁੱਖ ਦਾ ਰਹਿਣ ਸਹਿਣ ਅਤੇ ਆਚਾਰ-ਵਿਹਾਰ ਹੀ ਉਸ ਦੇ ਉੱਚਾ ਨੀਵਾਂ ਹੋਣ ਦੀ ਸਭ ਤੋਂ ਵੱਡੀ ਪਰਖ ਸੀ। ਮਾਨਵ ਸਮਾਜ ਵਿਚ ਜ਼ਾਤ ਅਤੇ ਕੁੱਲ ਦੇ ਭੇਦ ਭਾਵ ਮੰਨਣ ਵਾਲੀਆਂ ਗੱਲਾਂ ਬਹੁਤ ਬਾਅਦ ਦੀਆਂ ਹਨ।

ਰਿਗਵੇਦ ਦੇ ਪੁਰਸ਼ ਸੂਕਤ ਦਾ ਇਕ ਮੰਤਰ (ਰਿਗਵੇਦ 10, 90, 12)

ਬ੍ਰਾਹਮਣੋਅਸ੍ਯ ਮੁਖਮਾਸੀਦ੍ ਬਾਹੂਰਾਜਨ੍ਯ: ਕ੍ਰਿਤ:।
ਉਰੂ ਤਦਸ੍ਯ ਯਦਵੈਸ਼੍ਯ: ਪਦ੍ਭ੍ਯਾਂ ਸ਼ੂਦ੍ਰੋ ਅਜਾਯਤ ॥

ਵਿਰਾਟ ਰੂਪ ਪਰਮਾਤਮਾ ਦੇ ਮੂੰਹ ਵਿਚੋਂ ਬ੍ਰਾਹਮਣ, ਬਾਹਾਂ ਵਿਚੋਂ ਕਸ਼ੱਤਰੀ, (ਖੱਤਰੀ), ਜੰਘਾਂ (ਪੱਟਾਂ) ਵਿਚੋਂ ਵੈਸ਼ ਅਤੇ ਪੈਰਾਂ ਵਿਚੋਂ ਸ਼ੂਦਰ ਪੈਦਾ ਹੋਏ।

ਇਨ੍ਹਾਂ ਵਿਚ ਮਾਨਵ ਸਮਾਜ ਦੀ ਰਚਨਾ ਦੀ ਵਿਆਖਿਆ ਬੜੇ ਸੁੰਦਰ ਅਤੇ ਸਾਫ਼ ਤਰੀਕੇ ਨਾਲ ਕੀਤੀ ਗਈ ਹੈ। ਇਸ ਮੰਤਰ ਦਾ ਭਾਵ ਇਸ ਤਰ੍ਹਾਂ ਸਮਝਣਾ ਚਾਹੀਦਾ ਹੈ:

ਮਾਨਵ ਸਮਾਜ ਇਕ ਵਿਰਾਟ-ਪੁਰਸ਼ ਹੈ। ਸਮਾਜ ਵਿਚ ਪੜ੍ਹਣ ਪੜ੍ਹਾਉਣ, ਸੋਚਣ ਸਮਝਣ ਅਤੇ ਸਮਾਜ ਦੇ ਹੋਰ ਲੋਕਾਂ ਨੂੰ ਆਦੇਸ਼ ਅਤੇ ਉਪਦੇਸ਼ ਦੇਣ ਦਾ ਕੰਮ ਕਰਨ ਵਾਲੇ ਲੋਕ ਸਮਾਜ ਰੂਪੀ ਵਿਰਾਟ-ਪੁਰਸ਼ ਦੇ ਮੁਖ ਹਨ, ਇਨ੍ਹਾਂ ਨੂੰ ਬ੍ਰਾਹਮਣ ਨਾਮ ਦਿੱਤਾ ਗਿਆ। ਸਮਾਜ ਦੀ ਰਾਖੀ ਦਾ ਕੰਮ ਕਰਨ ਵਾਲੇ ਲੋਕ ਸਮਾਜ ਰੂਪੀ ਵਿਰਾਟ-ਪੁਰਸ਼ ਦੇ

ਹੱਥ ਹਨ, ਇਨ੍ਹਾਂ ਨੂੰ ਕਸ਼ੱਤਰੀ ਕਿਹਾ ਗਿਆ। ਸਮਾਜ ਵਿਚ ਵਪਾਰ, ਪਸ਼ੂ ਪਾਲਣ ਤੇ ਖੇਤੀਬਾੜੀ ਕਰਨ ਵਾਲੇ ਸਮਾਜ ਰੂਪੀ ਵਿਰਾਟ-ਪੁਰਸ਼ ਦੇ ਭੋਜਨ-ਵਸਤਰ ਦੀ ਵਿਵਸਥਾ ਕਰਨ ਵਾਲਿਆਂ ਨੂੰ ਉਰੂ ਕਿਹਾ ਗਿਆ ਤੇ ਉਨ੍ਹਾਂ ਨੂੰ ਵੈਸ਼ ਕਹਿ ਕੇ ਪੁਕਾਰਿਆ ਗਿਆ ਹੈ। ਇਸੇ ਤਰ੍ਹਾਂ ਸਮਾਜ ਵਿਚ ਬ੍ਰਾਹਮਣ, ਖੱਤਰੀ ਤੇ ਵੈਸ਼ ਦੀ ਸੇਵਾ ਕਰਨ, ਉਨ੍ਹਾਂ ਦਾ ਭਾਰ ਆਪਣੇ ਉਪਰ ਚੁਕਣ ਵਾਲਿਆਂ ਨੂੰ ਪੈਰ ਕਿਹਾ ਗਿਆ ਅਤੇ ਇਨ੍ਹਾਂ ਨੂੰ ਸ਼ੂਦਰ ਨਾਮ ਦਿੱਤਾ ਗਿਆ। ਇਸ ਤਰ੍ਹਾਂ ਸਮਾਜ ਦੇ ਲੋਕਾਂ ਨੂੰ ਕੰਮ ਦੇ ਅਨੁਸਾਰ ਵੰਡ ਕੇ ਉਨ੍ਹਾਂ ਨੂੰ ਭਿੰਨ-ਭਿੰਨ ਤੇ ਵਿਸ਼ੇਸ਼ ਨਾਵਾਂ ਨਾਲ ਪੁਕਾਰਿਆ ਗਿਆ। ਹੁਣ, ਜਿਵੇਂ ਸਰੀਰ ਦੇ ਮੂੰਹ, ਹੱਥ, ਜੰਘਾਂ ਤੇ ਪੈਰ ਆਦਿ ਸਾਰੇ ਅੰਗ ਇਕ ਦੂਸਰੇ ਨਾਲ ਜੁੜੇ ਹੋਏ ਹਨ ਅਤੇ ਇਨ੍ਹਾਂ ਵਿਚੋਂ ਹਰੇਕ ਦਾ ਆਪੋ ਆਪਣਾ ਵਿਸ਼ੇਸ਼ ਮਹੱਤਵ ਹੈ। ਜਿਸ ਤਰ੍ਹਾਂ ਇਨ੍ਹਾਂ ਵਿਚੋਂ ਇਕ ਨੂੰ ਵੱਡਾ ਤੇ ਦੂਜੇ ਛੋਟਾ ਨਹੀਂ ਕਿਹਾ ਜਾ ਸਕਦਾ ਇਸੇ ਤਰ੍ਹਾਂ ਸਮਾਜ ਵਿਚ ਬ੍ਰਾਹਮਣ ਆਦਿ ਸਭ ਲੋਕ ਬਰਾਬਰ ਹਨ। ਉਨ੍ਹਾਂ ਵਿਚ ਊਚ-ਨੀਚ ਤੇ ਛੋਟੇ-ਵੱਡੇ ਦਾ ਕੋਈ ਭੇਦ ਨਹੀਂ ਕੀਤਾ ਜਾ ਸਕਦਾ।

ਮਾਨਵ ਸਮਾਜ ਦੀ ਏਕਤਾ ਤੇ ਬਰਾਬਰੀ ਦੀ ਇਹੋ ਵੈਦਿਕ ਵਿਚਾਰਧਾਰਾ ਹੈ। ਵੈਦਿਕ ਯੁਗ ਵਿਚ ਜੀਵਨ ਜੀਉਣ ਲਈ ਕੋਈ ਵੀ ਧੰਦਾ ਅਪਣਾਉਣ ਦੀ ਪੂਰੀ ਖੁੱਲ੍ਹ ਸੀ। ਕੋਈ ਵਿਅਕਤੀ ਕੇਵਲ ਕੰਮ-ਧੰਦੇ ਦੇ ਲਿਹਾਜ਼ ਨਾਲ ਵੱਡਾ ਜਾਂ ਛੋਟਾ ਨਹੀਂ ਗਿਣਿਆ ਜਾਂਦਾ ਸੀ। ਇਕ ਹੀ ਟੱਬਰ ਦੇ ਜੀਅ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਦਾ ਕੰਮ ਕਰ ਕਰਦੇ ਸਨ। ਇਸ ਤਰ੍ਹਾਂ ਪ੍ਰਾਚੀਨ ਕਾਲ ਵਿਚ ਵਰਣ-ਵਿਵਸਥਾ ਦਾ ਆਧਾਰ ਕਰਮ ਸੀ ਨਾ ਕਿ ਜਨਮ, ਜਿਵੇਂ ਕਿ ਬਾਅਦ ਵਿਚ ਮੰਨਿਆ ਗਿਆ।

ਭਾਰਤੀ ਸੰਸਕ੍ਰਿਤੀ ਸਮਾਨਤਾ ਤੇ ਵਿਸ਼ਵ ਭਾਈਚਾਰੇ ਦੀ ਭਾਵਨਾ ਦੀ ਪੂਰੀ ਤਰ੍ਹਾਂ ਸਮਰਥਕ ਰਹੀ ਹੈ। ਇਸ ਦਾ ਸਭ ਤੋਂ ਵੱਡਾ ਨਾਅਰਾ ਹੈ :

ਸਰਵੇ ਭਵੰਤੁ ਸੁਖਿਨ: ਸਰ੍ਵੇ ਸੰਤੁ ਨਿਰਾਮਯਾ :।
ਸਰਵੇ ਭਦ੍ਰਾਣਿ ਪਸ਼ਯੰਤੁ, ਮਾ ਕਸ਼ਿਚਤ ਦੁਖ ਭਾਗ੍ਭਵੇਤ੍॥

(ਸਭ ਸੁਖੀ ਤੇ ਅਰੋਗ ਰਹਿਣ। ਸਭ ਦਾ ਭਲਾ ਹੋਵੇ। ਕੋਈ ਵੀ ਦੁਖੀ ਨਾ ਹੋਵੇ।)

ਰਿਗਵੇਦ (1, 89, 8) ਦਾ ਰਿਸ਼ੀ ਇਸੇ ਭਾਵਨਾ ਨਾਲ ਭਰਿਆ ਹੋਇਆ ਹੀ ਤਾਂ ਕਹਿੰਦਾ ਹੈ :

ਭੰਦ੍ਰ ਕਰਣੇਭਿ: ਸ਼੍ਰਿਣੁਯਾਮ: ਦੇਵਾ ਭਦ੍ਰੰ ਪਸ਼੍ਯੇਮਾਕਸ਼ ਭਿਰਯਜਤ੍ਰਾ:।
(ਅਸੀਂ ਕੰਨਾਂ ਨਾਲ ਭਲਾ ਸੁਣੀਏ, ਅੱਖਾਂ ਨਾਲ ਭਲਾ ਦੇਖੀਏ।)

ਵਿਸ਼ਵ ਭਾਈਚਾਰੇ ਦੀ ਭਾਵਨਾ ਨਾਲ ਓਤਪੋਤ ਯਜੁਰਵੇਦ (36, 18) ਦਾ ਰਿਸ਼ੀ ਇੱਛਾ ਕਰਦਾ ਹੈ :

ਮਿਤ੍ਰਸ੍ਯ ਮਾ ਚਕਸ਼ੁਸ਼ਾ ਸਰਵਾਣਿ ਭੂਤਾਨਿ ਸਮੀਕ੍ਸ਼ੰਤਾਮ੍ ।
ਮਿਤ੍ਰਸ੍ਯੰਹ ਚਕਸ਼ੁਸਾ ਸਰਵਾਣਿ ਭੂਤਾਨਿ ਸਮੀਕ੍ਸ਼ੇ ।
ਮਿਤ੍ਰਸ੍ਯ ਚਕ੍ਸ਼ੁਸ਼ਾ ਸਮੀਕ੍ਸ਼ਾਮਹੇ ।
(ਸਭ ਮੈਨੂੰ ਮਿੱਤਰ ਦ੍ਰਿਸ਼ਟੀ ਨਾਲ ਦੇਖਣ । ਸਭ ਨੂੰ ਮੈਂ ਮਿੱਤਰ ਦ੍ਰਿਸ਼ਟੀ ਨਾਲ ਦੇਖਾਂ । ਅਸੀਂ ਸਭ ਪਰਸਪਰ ਮਿਤਰਤਾ ਭਰਪੂਰ ਵਿਹਾਰ ਕਰੀਏ ।)

ਇਸੇ ਤਰ੍ਹਾਂ ਰਿਗਵੇਦ (10, 191, 3, 4, 10, 116, 6) ਦਾ ਰਿਸ਼ੀ ਕਾਮਨਾ ਕਰਦਾ ਹੈ :

ਸਮਾਨੋ ਮੰਤ੍ਰ: ਸਮਿਤਿ ਸਮਾਨੀ ਸਮਾਨ ਮਨ: ਸਹਚਿਤੱਭੇਸ਼ਾਮ੍ ।
ਸਮਾਨਿ ਵ: ਆਕੂਤਿ: ਸਮਾਨਾ ਹ੍ਰਿਦਯਾਨਿ ਵ: ।
ਸਮਾਨਮਸ੍ਤੁ ਵੋ ਮਨ : ॥
ਕੇਵਲਾਘੋ ਭਵਤਿ ਕੇਵਲਾਦੀ ।

ਸਾਡਾ ਨਾਅਰਾ ਸਮਾਨ ਹੋਣਾ ਚਾਹੀਦਾ ਹੈ । ਸਾਡੀ ਸਭਾ ਇਕ ਹੋਣੀ ਚਾਹੀਦੀ ਹੈ । ਸਾਨੂੰ ਇਕ ਮਨ ਤੇ ਇਕ ਵਿਚਾਰ ਵਾਲਾ ਹੋਣਾ ਚਾਹੀਦਾ ਹੈ । ਸਾਡਾ ਖਾਣ-ਪੀਣ ਇਕੱਠੇ ਹੋਣਾ ਚਾਹੀਦਾ ਹੈ, ਕਿਉਂਕਿ ਇਕੱਲਾ ਖਾਣ ਵਾਲਾ ਪਾਪੀ ਹੁੰਦਾ ਹੈ ।

ਇਕ ਥਾਂ 'ਤੇ ਰਿਗਵੇਦ (5, 60, 5) ਸਮਾਨ ਭਾਵਨਾ ਤੇ ਸਮਾਨ ਆਚਰਣ ਦਾ ਸਪਸ਼ਟ ਐਲਾਨ ਕਰਦਾ ਹੈ :

ਅਜ੍ਯੇਸ਼ਠਾਸੋ ਅਕਨਿਸ਼ਠਾਸ ਏਤੇ ਸਮਭ੍ਰਾਤਰੋ ਵਾਵ੍ਰਿਧੁ: ਸੌਭਗਾਯ ।
ਯੁਵਾ ਪਿਤਾ ਸ੍ਵਪਾ ਰੁਦ੍ਰ ਏਸ਼ਾਂ ਸੁਦੁਧਾ ਪ੍ਰਿਸ਼੍ਨਿ: ਸੁਦਿਨਾ ਮਰੁਦ੍ਭਯ ।
(ਸਾਡੇ ਵਿਚ ਕੋਈ ਵੀ ਵੱਡਾ ਨਹੀਂ, ਕੋਈ ਛੋਟਾ ਨਹੀਂ, ਕੋਈ ਉੱਚਾ ਨਹੀਂ ਕੋਈ ਨੀਵਾਂ ਨਹੀਂ । ਅਸੀਂ ਸਭ ਭਰਾਵਾਂ ਵਾਂਗ ਰਲ ਕੇ ਆਪਣੀ ਤਕਦੀਰ ਬਣਾਈਏ । ਪਰਮਾਤਮਾ ਸਾਡਾ ਸਭ ਦਾ ਪਿਤਾ ਹੈ, ਅਤੇ ਸਾਨੂੰ ਸਭ ਨੂੰ ਸੁਖ ਦੇਣ ਵਾਲੀ, ਉਤਮ ਦੁੱਧ ਪਿਲਾ ਕੇ ਸਾਡੀ ਪਾਲਣਾ ਕਰਨ ਵਾਲੀ ਪ੍ਰਕ੍ਰਿਰਤੀ ਸਾਡੀ ਸਭ ਦੀ ਮਾਤਾ ਹੈ ।)

ਭਾਰਤੀ ਸੰਸਕ੍ਰਿਤੀ ਵਿਚ ਜਿਥੇ 'ਮਾਨਵ-ਮਾਨਵ ਸਭ ਸਮਾਨ' ਦੇ ਸਿੱਧਾਂਤ ਤੇ ਬਲ ਦਿੱਤਾ ਗਿਆ ਹੈ ਉਥੇ ਉਸ ਵਿਚ ਮਨੁੱਖ ਦੇ ਪਵਿੱਤਰ ਜੀਵਨ ਅਤੇ ਸਦਾਚਾਰ ਨੂੰ ਸਭ ਤੋਂ ਸ੍ਰੇਸ਼ਟ ਮੰਨਿਆ ਗਿਆ ਹੈ ।

ਪਰੰਤੂ ਅੱਗੇ ਚੱਲ ਕੇ ਭਾਰਤੀ ਸੰਸਕ੍ਰਿਤੀ ਦਾ ਇਹ ਰੂਪ ਤੇ ਆਦਰਸ਼ ਮੂਲੋਂ ਅਲੋਪ ਹੋ ਗਿਆ । ਕੁਝ ਕੱਟੜਪੰਥੀਆ ਅਤੇ ਰੂੜ੍ਹੀਵਾਦੀਆਂ ਨੇ ਇਸ ਨੂੰ ਬਿਲਕੁਲ ਵਿਗਾੜ ਦਿੱਤਾ । ਤਤਕਾਲੀਨ ਧਾਰਮਿਕ ਨੇਤਾਵਾਂ ਨੇ ਸਮਾਜ ਚੇ ਲੋਕਾਂ ਉਤੇ ਇਹੋ ਜਿਹੀਆਂ ਸਖ਼ਤ ਪਾਬੰਦੀਆਂ ਲਾਈਆਂ, ਜਿਨ੍ਹਾਂ ਕਾਰਣ 'ਮਾਨਵ-ਮਾਨਵ ਸਭ ਸਮਾਨ' ਦਾ ਉੱਚ ਸਿੱਧਾਂਤ ਹੀ ਸਮਾਪਤ ਨਹੀਂ ਹੋਇਆ ਸਗੋਂ ਇਕੋਂ ਧਰਮ ਨੂੰ ਮੰਨਣ ਵਾਲ਼ੇ ਵਿਅਕਤੀਆਂ

ਨੂੰ ਸ਼ੂਦਰ, ਚੰਡਾਲ, ਅਧਮ ਅਤੇ ਨੀਚ ਆਦਿ ਕਹਿ ਕੇ ਨੀਵਾਂ ਸੁੱਟ ਦਿੱਤਾ ਗਿਆ। ਇਹੋ ਨਹੀਂ ਸਗੋਂ ਆਪਣੀ ਮਨਮਰਜ਼ੀ ਮੁਤਾਬਿਕ ਪ੍ਰਭੂ ਦੀ ਭਗਤੀ ਕਰਨ ਉਤੇ ਅਨੇਕ ਪਾਬੰਦੀਆਂ ਲਾ ਕੇ ਉਨ੍ਹਾਂ ਨੂੰ ਧਾਰਮਿਕ ਸਮਾਨਤਾ ਦੇ ਅਧਿਕਾਰ ਤੋਂ ਵੀ ਵਾਂਝਿਆਂ ਕਰ ਦਿੱਤਾ ਗਿਆ।

ਮੱਧਕਾਲ (14ਵੀਂ-16ਵੀਂ ਸਦੀ) ਵਿਚ ਰਾਜਨੀਤਕ ਪਰੀਵਰਤਨ ਕਾਰਣ ਹਿੰਦੂ-ਧਰਮ ਤੇ ਹਿੰਦੂ-ਸਮਾਜ ਆਪਣੀ ਸਮਾਜਿਕ ਅਤੇ ਧਾਰਮਿਕ ਕੱਟੜਤਾ ਕਰਕੇ ਲਗਭਗ ਖਿੰਡ ਪੁੰਡ ਹੀ ਚਲਿਆ ਸੀ। ਇਸ ਕਾਲ ਵਿਚ ਵਰਣ-ਆਸ਼੍ਰਮ ਵਿਵਸਥਾ ਦੇ ਬੰਧਨ ਹੋਰ ਵੀ ਸਖ਼ਤ ਕਰ ਦਿੱਤੇ ਗਏ ਸਨ। ਇਸ ਵਾਸਤੇ ਕਰਮਕਾਂਡ ਅਤੇ ਆਚਾਰ-ਵਿਹਾਰ ਉਤੇ ਵਧੇਰੇ ਜ਼ੋਰ ਦਿੱਤਾ ਜਾਣ ਲੱਗਾ ਸੀ। ਇਸੇ ਨਾਲ ਛੂਤ-ਛਾਤ, ਜ਼ਾਤ ਪਾਤ ਤੇ ਊਚ ਨੀਚ ਦੇ ਭਾਵ ਹੋਰ ਉੱਗਰ ਰੂਪ ਨਾਲ ਪਨਪੇ ਤੇ ਵਧੇ। ਇਨ੍ਹਾਂ ਸਖ਼ਤ ਸਮਾਜਿਕ ਨਿਯਮਾਂ ਦੇ ਪਾਲਣ ਵਿਚ ਕਿਸੇ ਵੀ ਕਿਸਮ ਦੀ ਢਿੱਲ ਦਿਖਾਉਣ ਵਾਲੇ ਲੋਕਾਂ ਨੂੰ ਜ਼ਾਤ ਵਿਚੋਂ ਛੇਕ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਜ਼ਾਤ ਵਿਚੋਂ ਛੇਕਿਆਂ ਹੋਇਆਂ ਦੀਆਂ ਅਲਗ ਜ਼ਾਤਾਂ ਬਣ ਜਾਂਦੀਆਂ ਅਤੇ ਇਨ੍ਹਾਂ ਨੂੰ ਸ਼ੂਦਰ ਜਾਂ ਨੀਚ ਸਮਝਿਆ ਜਾਂਦਾ ਸੀ ਜਿਸ ਦਾ ਨਤੀਜਾ ਇਹ ਹੋਇਆ ਕਿ ਭਾਰਤੀ ਸੰਸਕ੍ਰਿਤੀ ਦੀ ਮੂਲ ਭਾਵਨਾ ਹੀ ਖੇਰੂੰ ਖੇਰੂੰ ਹੋ ਗਈ।

ਇਸ ਸਮਾਜਿਕ ਪਰੀਵਰਤਨ ਅਤੇ ਅਵਿਵਸਥਾ ਦੇ ਨਾਲ ਨਾਲ ਮੱਧਕਾਲ ਵਿਚ ਧਾਰਮਿਕ ਹਾਲਤ ਵੀ ਚਿੰਤਾਜਨਕ ਸੀ। ਇਸ ਸਮੇਂ ਧਰਮ ਉਪਾਸਨਾ ਦੀਆਂ ਜਿੰਨੀਆਂ ਵੀ ਪੱਧਤੀਆਂ ਪ੍ਰਚਲਿਤ ਸਨ ਉਨ੍ਹਾਂ ਵਿਚ ਬਾਹਰੀ ਦਿਖਾਵੇ ਤੇ ਵਿਖਾਵੇ ਦੀ ਹੀ ਬਹੁਲਤਾ ਸੀ। ਸਚਾਈ ਅਤੇ ਪਵਿੱਤਰਤਾ ਤਾਂ ਉਨ੍ਹਾਂ ਵਿਚ ਨਾਮ ਮਾਤਰ ਵੀ ਨਹੀਂ ਰਹਿ ਗਈ ਸੀ। ਚੁਪਾਸੇ ਕੱਟੜ ਜ਼ਾਤੀਵਾਦ ਤੇ ਗੁਰੂਡਮ ਦਾ ਹੀ ਬੋਲਬਾਲਾ ਸੀ।

ਐਸੇ ਨਿਰਾਸ਼ਾ ਭਰੇ, ਚਿੰਤਾਜਨਕ ਅਤੇ ਅਵਿਵਸਥਾ ਭਰੀਆਂ ਹਾਲਤਾਂ ਦੇ ਘੋਰ ਸੰਕਟ ਦੇ ਸਮੇਂ ਹੀ ਆਪਣੇ ਸਮੇਂ ਦੇ ਮਹਾਨ ਸਮਾਜ ਸੁਧਾਰਕ ਅਤੇ ਮਾਨਵ ਮਾਤਰ ਲਈ ਆਪਣੇ ਦਿਲ ਵਿਚ ਅਥਾਹ ਕਰੁਣਾ ਅਤੇ ਮਮਤਾ ਰੱਖਣ ਵਾਲੇ ਮਹਾਂ ਪੁਰਖ ਸ੍ਵਾਮੀ ਰਾਮਾਨੰਦ ਜੀ (ਸੰਮਤ 1356-1467 ਵਿਕ੍ਰਮੀ) ਨੇ ਉੱਤਰਾਖੰਡ ਵਿਚ ਭਗਤੀ ਅੰਦੋਲਨ ਸ਼ੁਰੂ ਕੀਤਾ।

ਡਾ. ਗ੍ਰੀਅਰਸਨ ਦੇ ਸ਼ਬਦਾਂ ਵਿਚ, 'ਜੋ ਬਿਜਲੀ ਦੀ ਚਮਕ ਵਾਂਗੂ ਇਸ ਵਿਸ਼ਾਲ ਦੇਸ਼ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤੱਕ ਫੈਲ ਗਿਆ' ਅਤੇ ਇਸ ਅੰਦੋਲਨ ਨੇ ਭਾਰਤੀ ਸੰਸਕ੍ਰਿਤੀ ਨੂੰ ਮੁੜ ਸੁਰਜੀਤ ਕਰਨ ਲਈ ਇਕ ਬੇਮਿਸਾਲ ਕੰਮ ਕੀਤਾ। ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ ਜੀ ਦੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ, 'ਭਗਤੀ ਮਤਵਾਦ ਨੇ ਇਸ ਅਵਸਥਾ ਨੂੰ ਸੰਭਾਲਿਆ ਅਤੇ ਹਿੰਦੂਆਂ ਵਿਚ ਨਵੀਂ ਤੇ ਉਦਾਰ ਆਸ਼ਾਵਾਦੀ ਦ੍ਰਿਸ਼ਟੀ ਪੈਦਾ ਕੀਤੀ।'

ਮੱਧਕਾਲੀਨ ਭਗਤੀ ਅੰਦੋਲਨ ਦੇ ਸੰਬੰਧ ਵਿਚ ਕਬੀਰ ਪੰਥੀਆਂ ਵਿਚ ਇਹ ਪ੍ਰਚਲਿਤ ਹੈ : 'ਭਗਤੀ ਦ੍ਰਾਵਿੜ ਉਪਜੀ ਲਾਏ ਰਾਮਾਨੰਦ', ਅਰਥਾਤ ਭਗਤੀ ਦਾ ਉਦੈ ਦ੍ਰਾਵਿੜ ਦੇਸ਼ (ਦੱਖਣ) ਵਿਚ ਹੋਇਆ ਅਤੇ ਰਾਮਾਨੰਦ ਇਸਨੂੰ ਉੱਤਰ ਭਾਰਤ ਵਿਚ ਲੈ ਕੇ ਆਏ ।

ਦੱਖਣ ਵਿਚ ਵੈਸ਼ਣਵ ਭਗਤੀ ਦਾ ਪ੍ਰਚਾਰ ਸੀ, ਜਿਸ ਦਾ ਪੂਰਵਵਰਤੀ ਅਤੇ ਪ੍ਰਾਚੀਨ ਰੂਪ ਭਗਵਤ-ਭਗਤੀ ਹੈ । ਦੱਖਣ ਵਿਚ ਅਨੇਕ ਵੈਸ਼ਣਵ-ਭਗਤ (ਆਲਾਵਾਰ) ਤੇ ਆਚਾਰੀਆ ਹੋਏ ਹਨ । ਵੈਸ਼ਣਵਾ ਆਚਾਰੀਆਂ ਵਿਚੋਂ ਰਾਮਾਨੁਜ ਆਚਾਰੀਆ (1017-1137 ਈਸਵੀ) ਦਾ ਨਾਂ ਖ਼ਾਸ ਤੌਰ ਤੇ ਜ਼ਿਕਰਯੋਗ ਹੈ ਜਿਨ੍ਹਾਂ ਦੀ ਪਰੰਪਰਾ ਵਿਚ ਦੇਵਾਚਾਰਯ, ਹਰਯਾਨੰਦ, ਰਾਘਵਨੰਦ ਤੋਂ ਪਿਛੋਂ ਚੌਥੇ ਆਚਾਰੀਆ ਸ੍ਵਾਮੀ ਰਾਮਾਨੰਦ ਜੀ ਸਨ ।

ਸ੍ਵਾਮੀ ਰਾਮਾਨੰਦ ਜੀ ਦੇ ਵਿਸ਼ੇ ਵਿਚ ਸੰਤ ਨਾਭਾਦਾਸ ਜੀ ਨੇ ਆਪਣੇ 'ਭਗਤਮਾਲ' ਵਿਚ ਲਿਖਿਆ ਹੈ :

ਸ੍ਰੀ ਰਾਮਾਨੰਦ ਰਘੁਨਾਥ ਜਯੋਂ ਦ੍ਵਿਤੀਯ ਸੇਤੁ ਜਗ ਤਰਨ ਕਿਯੋ ।
ਵਿਸ਼ਵਮੰਗਲ ਆਧਾਰ ਭਗਤੀ ਦਸਧਾ ਕੇ ਆਗਰ ॥
ਬਹੁਤ ਕਾਲ ਬਪੁ ਧਾਰਿ ਕੈ ਪ੍ਰਣਤ ਜਨਨਿ ਕੋ ਪਾਰ ਕਿਯੋ ।
ਸ੍ਰੀ ਰਾਮਾਨੰਦ ਰਘੁਨਾਥ ਜਯੋਂ ਦ੍ਵਿਤੀਯ ਸੇਤੁ ਜਗ ਤਰਨ ਕਿਯੋ ॥

ਰਾਮਾਨੰਦ ਜੀ ਵਿਸ਼ਵ ਦਾ ਕਲਿਆਣ ਕਰਨ ਵਾਲੇ, ਦੁਖੀਆਂ ਨੂੰ ਆਸਰਾ ਦੇਣ ਵਾਲੇ ਅਤੇ ਦਸਧਾ ਭਗਤੀ ਨੂੰ ਮੰਨਣ ਵਾਲੇ ਸਨ । ਉਹ ਬਹੁਤ ਸਮੇਂ ਤੱਕ ਜ਼ਿੰਦਾ ਰਹੇ ਅਤੇ ਉਨ੍ਹਾਂ ਨੇ ਸ਼ਰਨ ਵਿਚ ਆਏ ਅਨੇਕ ਲੋਕਾਂ ਦਾ ਉੱਧਾਰ ਕੀਤਾ । ਜਿਵੇਂ ਰਾਮਚੰਦਰ ਜੀ ਨੇ ਸਮੁੰਦਰ ਪਾਰ ਕਰਨ ਲਈ ਉਸ ਉਤੇ ਪੁਲ ਬਣਵਾਇਆ ਸੀ ਉਸੇ ਤਰ੍ਹਾਂ ਸ੍ਰੀ ਰਾਮਾਨੰਦ ਜੀ ਨੇ ਇਸ ਸੰਸਾਰ ਸਾਗਰ ਤੋਂ ਪਾਰ ਹੋਣ ਲਈ ਦੂਜਾ ਪੁਲ ਤਿਆਰ ਕੀਤਾ ।

ਸ੍ਵਾਮੀ ਰਾਮਾਨੰਦ ਜੀ ਨੇ ਸੰਸਾਰ ਰੂਪੀ ਸਾਗਰ ਨੂੰ ਪਾਰ ਕਰਨ ਲਈ ਜਿਸ ਦੂਜੇ ਪੁਲ ਦਾ ਨਿਰਮਾਣ ਕੀਤਾ ਉਹ ਹੈ-ਰਾਮ ਭਗਤੀ ਪੁਲ । ਉਨ੍ਹਾਂ ਰਾਮ ਭਗਤੀ ਦਾ ਸੰਦੇਸ਼ ਜਨਤਾ ਨੂੰ ਦਿੱਤਾ । ਉਨ੍ਹਾਂ ਅਨੁਸਾਰ 'ਰਾਮ' ਹੀ ਬ੍ਰਹਮ ਹਨ ਤੇ ਰਾਮ ਹੀ ਸੰਸਾਰ ਦੇ ਸਿਰਜਣਹਾਰ ਹਨ । ਰਾਮ ਨੂੰ ਪ੍ਰਾਪਤ ਕਰਨਾ ਮਨੁੱਖ ਦਾ ਸਭ ਤੋਂ ਉੱਚਾ ਧਰਮ ਹੈ । ਜੀਵ ਨੂੰ ਰਾਮ ਦੀ ਹੀ ਭਗਤੀ ਕਰਨੀ ਚਾਹੀਦੀ ਹੈ । ਰਾਮ ਦਾ ਪ੍ਰੇਮ ਪੂਰਵਕ ਨਿਰੰਤਰ ਸਿਮਰਨ ਹੀ ਭਗਤੀ ਹੈ ।

ਪ੍ਰਭੂ ਭਗਤੀ ਨੂੰ ਆਧਾਰ ਬਣਾ ਕੇ ਆਚਾਰੀਆ ਰਾਮਾਨੰਦ ਜੀ ਨੇ ਭਾਰਤੀ ਸੰਸਕ੍ਰਿਤੀ ਦੇ ਮੂਲ ਆਦਰਸ਼ ਮਾਨਵ ਸਮਾਨਤਾ ਦਾ ਪ੍ਰਚਾਰ ਕੀਤਾ । ਸਮੇਂ ਦੀ ਲੋੜ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਨੇ ਤਤਕਾਲੀਨ ਧਾਰਮਿਕ ਵਿਧੀ-ਵਿਧਾਨਾਂ ਵਿਚ ਕ੍ਰਾਂਤੀਕਾਰੀ ਤਬਦੀਲੀ ਕੀਤੀ । ਉਨ੍ਹਾਂ ਨੇ ਧਰਮ ਸੰਬੰਧੀ ਕਈ ਕ੍ਰਿਆਵਾਂ ਦੀ ਥਾਂ ਤੇ ਰਾਮ

ਦੀ ਸਹਜ-ਭਗਤੀ ਨੂੰ ਅਪਣਾਇਆ ਅਤੇ ਉਸ ਦਾ ਪ੍ਰਚਾਰ ਕੀਤਾ। ਉਨ੍ਹਾਂ ਨੇ ਵਰਣ ਆਸ਼ਰਮ ਵਿਵਸਥਾ, ਜ਼ਾਤ ਪਾਤ ਤੇ ਛੂਤਛਾਤ ਦੀਆਂ ਬਨਾਉਟੀ ਮਾਣਤਾਵਾਂ ਨੂੰ ਤਾਰ-ਤਾਰ ਕਰਕੇ ਭਗਤੀ ਦੇ ਦੁਆਰ ਸਭਨਾਂ ਲਈ ਖੋਲ੍ਹ ਦਿੱਤੇ।

ਸੁਆਮੀ ਰਾਮਾਨੰਦ ਦੁਆਰਾ ਪ੍ਰਚਾਰੀ ਵੈਸ਼ਣਵ ਭਗਤੀ ਦੀ ਵਿਚਾਰਧਾਰਾ ਨੇ ਸਮਾਜ ਵਿਚ ਫੈਲੀਆਂ ਹੋਈਆਂ ਸਭ ਪਾਬੰਦੀਆਂ ਤੋੜ ਕੇ ਮਨੁੱਖ ਮਾਤਰ ਨੂੰ ਭਰਾ ਭਰਾ ਦੀ ਤਰ੍ਹਾਂ ਜੀਵਨ ਜੀਉਣ ਦੀ ਪ੍ਰੇਰਨਾ ਦਿੱਤੀ। ਪੰਡਿਤ ਪਰਸ਼ੂਰਾਮ ਚਤੁਰਵੇਦੀ ਜੀ ਨੇ ਆਪਣੀ ਰਚਨਾ 'ਉੱਤਰ ਭਾਰਤ ਕੀ ਸੰਤ ਪਰੰਪਰਾ' ਵਿਚ ਰਾਮਾਨੰਦ ਜੀ ਦੇ ਮਹਾਨ ਕਾਰਜਾਂ ਦਾ ਉਲੇਖ ਕਰਦੇ ਹੋਏ ਠੀਕ ਹੀ ਕਿਹਾ ਹੈ : "ਹਰਿ ਭਜਨ ਦੇ ਆਧਾਰ ਉਤੇ ਜ਼ਾਤ ਤੇ ਵਰਣ ਸੰਬੰਧੀ ਕੜੇ ਨਿਯਮਾਂ ਨੂੰ ਢਿੱਲੇ ਕਰਕੇ ਆਮ ਲੋਕਾਂ ਨੂੰ ਵੀ ਉੱਚੀ ਜ਼ਾਤ ਵਾਲਿਆਂ ਵਾਂਗ ਅਪਣਾਉਣ ਦੀ ਪ੍ਰਥਾ ਚਲਾ ਕੇ ਉਨ੍ਹਾਂ ਨੇ ਮਨੁੱਖ ਮਾਤਰ ਦੀ ਵਾਸਤਵਿਕ ਏਕਤਾ ਵੱਲ ਲੋਕਾਂ ਦਾ ਧਿਆਨ ਖਿਚਿਆ।"

ਕਿਰਪਾਲੂ ਸੁਆਮੀ ਰਾਮਾਨੰਦ ਜੀ ਦੇ ਇਨ੍ਹਾਂ ਕ੍ਰਾਂਤੀਕਾਰੀ ਵਿਚਾਰਾਂ, ਅਤੇ ਖੁਦ ਉਨ੍ਹਾਂ ਦੀ ਵਿਦਵਤਾ, ਮਹਾਨ ਸ਼ਖ਼ਸੀਅਤ, ਸਹਜ-ਸਬਲ ਜੀਵਨ ਸੁਹਿਰਦਤਾ, ਮਾਨਵ-ਪ੍ਰੇਮ ਅਤੇ ਭਗਤੀ ਭਾਵਨਾ ਤੋਂ ਪ੍ਰੇਰਿਤ ਅਤੇ ਪ੍ਰਭਾਵਿਤ ਹੋ ਕੇ ਸਮਾਜ ਦੇ ਸਭ ਧਰਮਾਂ ਦੇ ਛੋਟੇ-ਵੱਡੇ ਵਿਅਕਤੀ ਉਨ੍ਹਾਂ ਵਲ ਖਿੱਚੇ ਚਲੇ ਆਏ। ਉਹ ਲੋਕ ਜਾਂ ਤਾਂ ਉਨ੍ਹਾਂ ਦੇ ਸ਼ਿਸ਼ ਬਣ ਗਏ ਜਾਂ ਫਿਰ ਉਨ੍ਹਾਂ ਦਾ ਗੁਰੂ ਵਾਂਗ ਸਤਿਕਾਰ ਕਰਨ ਲੱਗੇ ਅਤੇ ਉਨ੍ਹਾਂ ਦੇ ਮਾਨਵਤਾਵਾਦੀ ਵਿਚਾਰਾਂ ਨੂੰ ਆਪਣੇ ਵਿਅਕਤੀਗਤ ਜੀਵਨ ਵਿਚ ਅਪਣਾ ਕੇ ਉਨ੍ਹਾਂ ਨੂੰ ਅਮਲੀ ਰੂਪ ਦੇਣ ਲੱਗੇ। ਇਸ ਤਰ੍ਹਾਂ ਇਸ ਯੁਗ ਵਿਚ ਸੰਨਿਆਸੀਆਂ, ਸੰਤਾਂ, ਭਗਤਾਂ ਤੇ ਚੰਗੇ ਗ੍ਰਿਹਸਤੀਆਂ ਦਾ ਇਕ ਮਾਨਵਤਾਵਾਦੀ ਮਹਾਨ ਜੱਥਾ ਤਿਆਰ ਹੋ ਗਿਆ ਜਿਸ ਨੇ ਤਤਕਾਲੀਨ ਸਮਾਜ ਦੇ ਵਿਗੜੇ ਰੂਪ ਉੱਤੇ ਜਿੱਤ ਪ੍ਰਾਪਤ ਕੀਤੀ। ਇਸ ਨੇ ਇਕ ਅਜਿਹੇ ਨਵੇਂ ਸਮਾਜ ਦੀ ਸਥਾਪਨਾ ਕੀਤੀ ਜੋ ਭਗਤੀ ਅਤੇ ਸਦਾਚਾਰ ਉੱਤੇ ਆਧਾਰਿਤ ਸੀ ਅਤੇ ਜਿਸ ਵਿਚ ਜ਼ਾਤ ਪਾਤ, ਛੂਤਛਾਤ, ਖਾਣ-ਪੀਣ ਤੇ ਊਚ-ਨੀਚ ਦਾ ਕੋਈ ਭੇਦ ਭਾਵ ਨਹੀਂ ਸੀ।

ਡਾ. ਮੁਨਸ਼ੀ ਰਾਮ ਸ਼ਰਮਾ (ਭਗਤੀ ਕਾ ਵਿਕਾਸ, ਪੰਨਾ 383) ਦਾ ਕਹਿਣਾ ਹੈ ਕਿ ਸੁਆਮੀ ਰਾਮਾਨੰਦ ਜੀ ਦੇ ਸਮਕਾਲੀ ਇਕ ਪਹੁੰਚੇ ਹੋਏ ਫ਼ਕੀਰ ਮੌਲਾਨਾ ਰਸ਼ੀਦੁਦੀਨ ਨੇ ਆਪਣੀ ਪੁਸਤਕ 'ਤਜ਼ਿਕਿਰਾਤੁਲ-ਫੁਕਰਾ' ਵਿਚ ਸੁਆਮੀ ਜੀ ਦੇ ਸ਼ਿਸ਼ਾਂ ਦੀ ਗਿਣਤੀ 500 ਤੋਂ ਵੀ ਵੱਧ ਲਿਖੀ ਹੈ ਪਰੰਤੂ ਉਨ੍ਹਾਂ ਵਿਚੋਂ 12 ਸ਼ਿਸ਼ਾਂ ਨੂੰ ਗੁਰੂ ਦੀ ਖ਼ਾਸ ਮਿਹਰ ਪ੍ਰਾਪਤੀ ਹੋਈ। ਸੰਤ ਨਾਭਾਦਾਸ ਜ਼ੀ ਨੇ ਵੀ 12 ਮੁੱਖ ਸ਼ਿਸ਼ਾਂ ਦੇ ਨਾਮ ਗਿਣਾਉਣ ਪਿਛੋਂ ਸੁਆਮੀ ਰਾਮਾਨੰਦ ਦੇ ਇਕ ਤੋਂ ਇਕ ਵਧ ਕੇ ਮਸ਼ਹੂਰ ਸ਼ਿਸ਼ ਦਰ ਸ਼ਿਸ਼ਾਂ ਦੇ ਹੋਣ ਦੀ ਗੱਲ ਸਵੀਕਾਰ ਕੀਤੀ ਹੈ :

ਅਨੰਤਾਨੰਤ ਕਬੀਰ ਸੁਖਾ ਸੁਰਸੁਰਾ ਪਦਮਾਵਤ ਨਰਹਰਿ ।
ਪੀਪਾ ਭਾਵਾਨੰਦ ਰਵਿਦਾਸ ਧਨਾ ਸੇਨ ਸੁਰਸੁਰ ਕੀ ਧਰਹਰਿ ॥
ਔਰੇ ਸ਼ਿਸ਼ ਪ੍ਰਸਿਸ਼੍ਯ ਏਕਤੇਂ ਏਕ ਉਜਾਗਰ ॥

ਸੰਤ ਨਾਭਾਦਾਸ ਜੀ ਦੇ ਅਨੁਸਾਰ ਸੁਾਮੀ ਰਾਮਾਨੰਦ ਜੀ ਦੇ 12 ਪ੍ਰਮੁਖ ਸ਼ਿਸ਼ਾਂ ਵਿਚ 1. ਅਨੰਤਾਨੰਦ 2. ਕਬੀਰ 3. ਸੁਖਾਨੰਦ 4. ਸੁਰਸੁਰਾਨੰਦ 5. ਪਦਮਾਵਤੀ 6. ਨਰਹਯਾਨੰਦ 7. ਪੀਪਾ 8. ਭਾਵਾਨੰਦ 9. ਰਵਿਦਾਸ 10. ਧੰਨਾ 11. ਸੇਨ ਅਤੇ 12. ਸੁਰਸੁਰੀ ਸ਼ਾਮਿਲ ਹਨ ।

ਇਨ੍ਹਾਂ 12 ਪ੍ਰਮੁਖ ਸ਼ਿਸ਼ਾਂ ਦੀ ਚੋਣ ਤੋਂ ਸੁਾਮੀ ਰਾਮਾਨੰਦ ਜੀ ਦੇ ਮਾਨਵਤਾਵਾਦੀ ਅਤੇ ਉਦਾਰ ਦ੍ਰਿਸ਼ਟੀਕੋਣ ਦਾ ਸਾਫ਼ ਪ੍ਰਮਾਣ ਮਿਲ ਜਾਂਦਾ ਹੈ ਕਿ ਉਨ੍ਹਾਂ ਨੇ ਸਭ ਵਰਗਾਂ ਅਤੇ ਵਰਣਾਂ ਦੇ ਲੋਕਾਂ ਨੂੰ ਭਗਤੀ ਵਿਚ ਸ਼ਾਮਿਲ ਕੀਤਾ ਸੀ ਅਤੇ ਉਨ੍ਹਾਂ ਨੂੰ ਆਪਣਾ ਸ਼ਿਸ਼ ਬਣਾਇਆ ਸੀ । ਇਨ੍ਹਾਂ ਸ਼ਿਸ਼ਾਂ ਵਿਚੋਂ ਰਵਿਦਾਸ ਚਮਾਰ, ਕਬੀਰ ਜੁਲਾਹਾ, ਧੰਨਾ ਜੱਟ, ਸੇਨ ਨਾਈ ਅਤੇ ਪੀਪਾ ਖੱਤਰੀ ਰਾਜਾ ਸੀ । ਇਨ੍ਹਾਂ ਭਗਤਾਂ ਵਿਚ ਜਿਥੇ ਪੁਰਖ ਸ਼ਾਮਿਲ ਸਨ ਉਥੇ ਪਦਮਾਵਤੀ ਔਰਤ ਵਰਗ ਦੀ ਵੀ ਪ੍ਰਤਿਨਿਧੀ ਸੀ ।

ਸੁਾਮੀ ਰਾਜਾ ਨੰਦ ਨੇ 111 ਸਾਲ ਦੀ ਲੰਮੀ ਉਮਰ ਹੰਢਾ ਕੇ ਸੰਮਤ 1467 ਵਿਕ੍ਰਮੀ ਵਿਚ ਨਿਰਵਾਣ ਪ੍ਰਾਪਤ ਕੀਤਾ । 'ਭਾਰਤ ਦਿਗਵਿਜਯ' ਕਿਤਾਬ ਵਿਚ ਲਿਖਿਆ ਹੈ ਕਿ ਰਾਮਾ ਨੰਦ ਜੀ ਨੇ ਆਪਣਾ ਨਿਰਵਾਣ ਸਮਾਂ ਨੇੜੇ ਜਾਣ ਕੇ ਧੰਨਾ, ਕਬੀਰ, ਰਵਿਦਾਸ ਤੇ ਸੇਨ ਜੀ ਨੂੰ ਕਾਂਸ਼ੀ ਵਿਚ ਰਹਿ ਕੇ, ਸੁਰਸੁਰਾਨੰਦ ਨੂੰ ਪੰਜਾਬ ਵਿਚ, ਭਾਵਾਨੰਦ ਨੂੰ ਦੱਖਣ ਵਿਚ, ਨਰਹਯਾਨੰਦ ਨੂੰ ਉਤਕਲ ਵਿਚ, ਗਾਲਵਾਨੰਦ ਨੂੰ ਕਸ਼ਮੀਰ ਵਿਚ, ਪੀਪਾ ਅਤੇ ਯੋਗਾਨੰਦ ਨੂੰ ਗੁਜਰਾਤ ਵਿਚ ਰਹਿ ਕੇ ਸਮਾਜ ਸੇਵਾ, ਧਰਮ ਤੇ ਭਗਤੀ ਦਾ ਪ੍ਰਚਾਰ ਕਰਨ ਦਾ ਆਦੇਸ਼ ਦਿੱਤਾ ਸੀ ।

ਸੁਾਮੀ ਰਾਮਾਨੰਦ ਜੀ ਦੇ ਉਪਰ ਦੱਸੇ 12 ਸ਼ਿਸ਼ਾਂ ਵਿਚੋਂ ਕਬੀਰ ਅਤੇ ਰਵਿਦਾਸ ਜੀ ਦੇ ਨਾਂ ਹਿੰਦੀ ਤੇ ਪੰਜਾਬੀ ਦੇ ਸੰਤ ਭਗਤ ਕਵੀਆਂ ਵਿਚੋਂ ਸਭ ਤੋਂ ਵੱਧ ਪ੍ਰਸਿੱਧ ਹਨ । ਇਨ੍ਹਾਂ ਦੋਹਾਂ ਵਿਚੋਂ ਵੀ ਰਵਿਦਾਸ ਕਬੀਰ ਤੋਂ ਉਮਰ ਵਿਚ ਵਡੇਰੇ ਅਤੇ ਭਗਤੀ ਵਿਚ ਵੀ ਸ੍ਰੇਸ਼ਟ ਅਤੇ ਅਨੂਪਮ ਹਨ । ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ ਜੀ ਲਿਖਦੇ ਹਨ, 'ਇਕ ਵਾਰ ਬ੍ਰਹਮ ਗਿਆਨ ਬਾਰੇ ਕਬੀਰ ਤੋਂ ਜਦ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਮੈਂ ਉਦੋਂ ਬੱਚਾ ਸਾਂ, ਮਾਂ ਦੀ ਗੋਦੀ ਚੜ੍ਹ ਕੇ ਰਾਹ ਪਾਰ ਕਰ ਆਇਆ ਹਾਂ । ਰਵਿਦਾਸ ਤੋਂ ਪੁੱਛੋ ਉਹ ਵੱਡੇ ਸਨ ਅਤੇ ਮਾਂ ਨੇ ਉਨ੍ਹਾਂ ਦੇ ਸਿਰ ਉੱਤੇ ਇਕ ਗੰਠੜੀ ਵੀ ਰਖ ਦਿੱਤੀ ਸੀ । ਉਹ ਹੀ ਰਸਤੇ ਦਾ ਭੇਦ ਦੱਸ ਸਕਦੇ ਹਨ ।

ਮੈਂ ਤੋ ਆਇਆ ਮਾਂ ਕੀ ਗੋਦ ਮੇਂ, ਕਿਆ ਜਾਨੂੰ ਮਾਰਗ ਕਯਾ ਹੋਯ ।
ਰਾਹ ਪੂਛੋ ਰੈਦਾਸ ਸੇ, ਜਿਨ ਗਠਰੀ ਲਾਈ ਢੋਯ ।

ਡਾ. ਦ੍ਵਿਵੇਦੀ ਜੀ ਨੇ ਇਸ ਦੋਹੇ ਦਾ ਭਾਵ ਸਪਸ਼ਟ ਕਰਦੇ ਹੋਏ ਲਿਖਿਆ ਹੈ,

"ਏਦਾਂ ਆਖਣ ਦਾ ਮਤਲਬ ਇਹ ਹੈ ਕਿ ਮਾਂ ਨੂੰ ਜਦੋਂ ਕਦੇ ਬਾਹਰ ਅੰਦਰ ਜਾਣਾ ਪੈਂਦਾ ਹੈ ਤਾਂ ਉਹ ਸਭ ਤੋਂ ਛੋਟੇ ਬੱਚੇ ਨੂੰ ਗੋਦ ਵਿਚ ਚੁੱਕ ਲੈਂਦੀ ਹੈ ਪਰ ਜੋ ਵੱਡਾ ਬੱਚਾ ਹੁੰਦਾ ਹੈ ਉਸ ਨੂੰ ਛੋਟੀ ਮੋਟੀ ਗੰਠੜੀ ਵੀ ਚੁਕਾ ਦਿੰਦੀ ਹੈ ਤੇ ਉਹ ਪਿੱਛੇ ਪਿੱਛੇ ਚਲਦਾ ਹੈ। ਗੰਠੜੀ ਚੁੱਕਣ ਨਾਲ ਉਸ ਨੂੰ ਮਿਹਨਤ ਕਰਨੀ ਪੈਂਦੀ ਹੈ ਅਤੇ ਇਸ ਤਰ੍ਹਾਂ ਰਾਹ ਦੇ ਇਕ ਇਕ ਕਦਮ ਦਾ ਉਸ ਨੂੰ ਅਨੁਭਵ ਹੋ ਜਾਂਦਾ ਹੈ। ਰਵਿਦਾਸ ਇਸੇ ਹੀ ਤਰ੍ਹਾਂ ਦੇ ਭਗਤ ਸਨ ਜਿਨ੍ਹਾਂ ਨੇ ਮਿਹਨਤ ਕਰਕੇ ਰੋਜ਼ੀ-ਰੋਟੀ ਦਾ ਕੰਮ ਵੀ ਕੀਤਾ ਸੀ ਅਤੇ ਨਾਲ ਹੀ ਨਾਲ ਪ੍ਰਭੂ ਭਗਤੀ ਦੇ ਔਖਿਆਈ ਭਰੇ ਰਾਹ 'ਤੇ ਚਲਦੇ ਰਹੇ।" (ਰਵਿਦਾਸ ਦਰਸ਼ਨ-ਦੋ ਸ਼ਬਦ) ਜਿਥੇ ਸੰਤ ਕਬੀਰ ਜੀ ਨੇ 'ਸਾਧਨ ਮੇਂ ਰਵਿਦਾਸ ਸੰਤ ਹੈ' ਕਹਿ ਕੇ ਰਵਿਦਾਸ ਜੀ ਦੀ ਸੰਤਾਂ ਵਿਚ ਸ੍ਰੇਸ਼ਟਤਾ ਦੱਸੀ ਹੈ, ਉਥੇ ਰਵਿਦਾਸ ਜੀ ਦੀ ਆਪਣੀ ਪਵਿੱਤਰ ਬਾਣੀ ਅਤੇ ਉਨ੍ਹਾਂ ਦੇ ਜੀਵਨ ਵਿਚ ਵਾਪਰੀਆਂ ਅਨੇਕ ਘਟਨਾਵਾਂ ਇਹ ਸਿੱਧ ਕਰਦੀਆਂ ਹਨ ਕਿ ਰਵਿਦਾਸ ਜੀ ਆਪਣੇ ਗੁਰੂ ਸ੍ਵਾਮੀ ਰਾਮਾਨੰਦ ਜੀ ਦੇ ਵਿਚਾਰਾਂ ਦੇ ਮਹਾਨ ਸਮਰਥਕ ਅਤੇ ਬੜੇ ਵੱਡੇ ਪ੍ਰਚਾਰਕ ਸਨ।

2. ਗੁਰੂ ਰਵਿਦਾਸ-ਜੀਵਨ

ਸੁਆਮੀ ਰਾਮਾਨੰਦ ਜੀ ਦੇ ਸ਼ਿਸ਼ਾਂ ਵਿਚੋਂ ਪ੍ਰਮੁਖ, ਮੱਧਕਾਲੀਨ ਭਗਤੀ ਧਾਰਾ ਦੇ ਪਰਮ ਸ਼ਾਂਤ ਸਿੱਧ ਸੰਤ ਕਵੀ ਗੁਰੂ ਰਵਿਦਾਸ ਜੀ ਦਾ ਜਨਮ ਚੰਦਰਵੰਸੀ (ਚੰਵਰ) ਚਰਮਕਾਰ (ਚਮਿਆਰ) ਜ਼ਾਤੀ ਵਿਚ ਬਨਾਰਸ ਦੇ ਨਜ਼ਦੀਕ ਭਾਡੂਰ ਅਥਵਾ ਮੰਡੂਰ ਪਿੰਡ ਵਿਚ ਹੋਇਆ। ਇਸ ਦਾ ਪੁਰਾਣਾ ਨਾਂ 'ਮੰਡੂਆ ਡੀਹ' ਹੈ ਤੇ ਇਹ ਬਨਾਰਸ ਛਾਉਣੀ ਤੋਂ ਪੱਛਮ ਵੱਲ ਲਗਭਗ ਤਿੰਨ-ਚਾਰ ਕਿਲੋਮੀਟਰ ਦੀ ਵਿੱਥ ਤੇ ਗਰੈਂਡ ਟਰੰਕ ਰੋਡ ਉੱਤੇ ਸਥਿਤ ਹੈ। ਕਿਹਾ ਜਾਂਦਾ ਹੈ ਕਿ ਇਹ ਸਥਾਨ ਕਈ ਸਦੀਆਂ ਤੱਕ ਚਮਿਆਰ ਜ਼ਾਤੀ ਦੇ ਨਿਵਾਸ ਦਾ ਮੁੱਖ ਕੇਂਦਰ ਰਿਹਾ ਹੈ। ਇਸ ਥਾਂ ਤੋਂ ਥੋੜ੍ਹੀ ਦੂਰੀ ਉਤੇ ਹੀ ਲਹਿਰਤਾਰਾ ਨਾਮਕ ਇਕ ਸਥਾਨ ਹੈ ਜੋ ਰਵਿਦਾਸ ਜੀ ਦੇ ਸਮਕਾਲੀ ਤੇ ਗੁਰਭਾਈ ਸੰਤ ਕਬੀਰ ਜੀ ਦੇ ਜਨਮ ਨਾਲ ਸੰਬੰਧਿਤ ਦੱਸਿਆ ਜਾਂਦਾ ਹੈ। ਲਹਿਰਤਾਰਾ ਵਿਚ ਅੱਜ ਵੀ ਰਵਿਦਾਸੀਆਂ ਦੀ ਇਕ ਬਸਤੀ ਹੈ। ਕਹਿੰਦੇ ਹਨ ਕਿ ਅੱਜ ਜੋ ਪਰਿਵਾਰ ਲਹਿਰਤਾਰਾ ਨਾਮਕ ਸਥਾਨ ਉੱਤੇ ਰਹਿੰਦੇ ਹਨ ਉਨ੍ਹਾਂ ਵਿਚੋਂ ਬਹੁਤਿਆਂ ਦੇ ਵੱਡੇ ਵੱਡੇਰੇ 'ਮੰਡੂਆ ਡੀਹ' ਵਿਚ ਹੀ ਰਹਿੰਦੇ ਸਨ। ਗੁਰੂ ਰਵਿਦਾਸ ਜੀ ਨੇ ਖ਼ੁਦ ਵੀ ਆਪਣੇ ਦੋ ਪਦਾਂ ਵਿਚ ਕਿਹਾ ਹੈ :

1. ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
   ਨਿਤਹਿ ਬਾਨਾਰਸੀ ਆਸ ਪਾਸਾ ॥[1]
2. ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤਾ
   ਫਿਰਹਿ ਅਜਹੁ ਬੰਨਾਰਸੀ ਆਸ ਪਾਸਾ ॥[2]

ਰਵਿਦਾਸ ਜੀ ਦੇ ਪਿਤਾ ਦਾ ਜਨਮ-ਨਾਮ ਮਾਨਦਾਸ ਸੀ। ਭਵਿਸ਼ ਪੁਰਾਣ (ਖੰਡ 4. ਅ. 18, ਸ਼ਲੋਕ 57) ਵਿਚ ਸਾਫ਼ ਲਿਖਿਆ ਹੈ :

ਮਾਨਦਾਸਸ੍ਯ ਪੁਤਰੋ ਰਵਿਦਾਸ ਇਤਿ ਵਿਸ਼੍ਰੁਤ :।

ਮਾਨਦਾਸ ਦਾ ਪੁੱਤਰ ਰਵਿਦਾਸ ਨਾਮ ਨਾਲ ਪ੍ਰਸਿੱਧ ਹੋਇਆ ਪ੍ਰੰਤੂ ਰਵਿਦਾਸ ਜੀ

---

1. ਆਦਿ ਗ੍ਰੰਥ, ਪੰਨਾ 1293
2. ਉਹੀ, ਪੰਨਾ 1293

ਦੇ ਪਿਤਾ ਰਾਘਵ ਅਥਵਾ ਰਘੁ ਨਾਮ ਨਾਲ ਹੀ ਪ੍ਰਸਿੱਧ ਸਨ । ਉਨ੍ਹਾਂ ਦੀ ਮਾਤਾ ਦਾ ਨਾਂ ਕਰਮਾ ਦੇਵੀ ਸੀ ।

ਰਵਿਦਾਸ ਜੀ ਦੀ ਜਨਮ ਮਿਤੀ ਬਾਰੇ ਵਿਦਵਾਨਾਂ ਦੇ ਮੱਤ ਭਿੰਨ ਭਿੰਨ ਹਨ, ਪ੍ਰੰਤੂ ਪਰੰਪਰਾਗਤ ਵਿਸ਼ਵਾਸ ਅਤੇ ਰਵਿਦਾਸੀ ਸੰਤਾਂ ਮੁਤਾਬਿਕ ਉਨ੍ਹਾਂ ਦਾ ਜਨਮ ਐਤਵਾਰ ਮਾਘ ਪੁੰਨਿਆ 1433 ਦਾ ਮੰਨਿਆ ਜਾਂਦਾ ਹੈ । ਰਵਿਦਾਸੀ ਭਾਈ ਹਰ ਵਰ੍ਹੇ ਇਸੇ ਦਿਨ ਰਵਿਦਾਸ ਜੀ ਦਾ ਪਵਿੱਤਰ ਜਨਮ-ਦਿਹਾੜਾ ਮਨਾਉਂਦੇ ਆਏ ਹਨ । ਇਸ ਸੰਬੰਧ ਵਿਚ ਰਵਿਦਾਸੀਆਂ ਵਿਚ ਸੰਤ ਕਰਮਦਾਸ ਜੀ ਦਾ ਇਹ ਦੋਹਾ ਪ੍ਰਚਲਿਤ ਹੈ:

ਚੌਦਹ ਸੈ ਤੈਤੀਸ ਕੀ, ਮਾਘ ਸੁਦੀ ਪੰਦਰਾਸ ।
ਦੁਖੀਓ ਕੇ ਕਲਯਾਣ ਹਿਤ. ਪ੍ਰਸਟੇ ਸ੍ਰੀ ਰਵਿਦਾਸ ॥

ਰਵਿਦਾਸ ਜੀ ਚਰਮਕਾਰ ਜ਼ਾਤੀ ਵਿਚ ਅਵਤਰੇ ਸਨ ਤੇ ਆਪਣੇ ਚਮਾਰ ਹੋਣ ਦਾ ਉਲੇਖ ਉਨ੍ਹਾਂ ਨੇ ਆਪਣੀ ਬਾਣੀ ਵਿਚ ਨਿਰਸੰਕੋਚ ਅਤੇ ਵਾਰ ਵਾਰ ਕੀਤਾ ਹੈ :

1. ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥
   ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ।[1]
2. ਕਹਿ ਰਵਿਦਾਸ ਖਲਾਸ ਚਮਾਰਾ ॥
   ਜੋ ਹਮ ਸਹਰੀ ਸੁ ਮੀਤੁ ਹਮਾਰਾ ॥[2]
3. ਇਕ ਨਜ਼ਿਰ ਸੇ ਸਭ ਕੂ ਦੇਖਈ, ਸਰਿਸ਼ਟਿ ਕਾ ਸਿਰਜਨਹਾਰਾ ।
   ਸਭ ਘਟ ਵਿਆਪਕ ਅਲਖ ਨਿਰੰਜਨ, ਕਹਿ ਰਵਿਦਾਸ ਚਮਾਰਾ ॥
4. ਮਸਜਿਦ ਸੋਂ ਕਛੁ ਘਿਨ ਨਹੀਂ, ਮੰਦਿਰ ਸੋ ਨਹੀਂ ਪਿਆਰ ।
   ਦੋਉ ਮਹ ਅੱਲਹ ਰਾਮ ਨਹੀਂ, ਕਹਿ ਰਵਿਦਾਸ ਚਮਾਰ ॥

ਰਵਿਦਾਸ ਜੀ ਦੇ ਜਨਮ ਸੰਬੰਧੀ ਕਥਾ ਦਾ ਵਰਣਨ 'ਭਗਤਮਾਲ' ਦੇ ਟੀਕਿਆ ਵਿਚ ਅਤੇ ਪਰਚੀਆਂ (ਜੀਵਨੀ) ਸਾਹਿਤ ਵਿਚ ਕੁਝ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ ਜਿਸਨੂੰ ਅੱਜ ਦੇ ਵਿਗਿਆਨਿਕ ਯੁਗ ਵਿਚ ਲੋਕ ਆਸਾਨੀ ਨਾਲ ਸਵੀਕਾਰ ਨਹੀਂ ਕਰ ਸਕਦੇ । ਰਵਿਦਾਸ ਜੀ ਦੇ ਜਨਮ ਸਮੇਂ ਕੁਝ ਅਨੋਖੇ ਚਮਤਕਾਰ ਦੇਖਣ ਵਿਚ ਆਏ ਸਨ, ਇਹ ਉਨ੍ਹਾਂ ਦੇ ਸ਼ਰਧਾਲੂ ਭਗਤ ਪੀੜ੍ਹੀ ਦਰ ਪੀੜ੍ਹੀ ਮੰਨਦੇ ਚਲੇ ਆ ਰਹੇ ਹਨ । ਕੁਝ ਲੋਕ ਇਹ ਵੀ ਮੰਨਦੇ ਹਨ ਕਿ ਰਵਿਦਾਸ ਜੀ ਦਾ ਜਨਮ ਚਮਾਰ ਦੇ ਘਰ ਵਿਚ ਉਨ੍ਹਾਂ ਦੇ ਹੀ ਪਿਛਲੇ ਜਨਮ ਦੇ ਗੁਰੂ ਰਾਮਾਨੰਦ ਜੀ ਦੇ ਸਰਾਪ ਕਾਰਣ ਹੋਇਆ ਸੀ ਅਤੇ ਇਸੇ ਕਰਕੇ ਰਵਿਦਾਸ ਜੀ ਨੇ ਆਪਣੇ ਪੂਰਵ ਜਨਮ ਨੂੰ ਯਾਦ ਕਰਕੇ ਹੀ ਆਪਣੀ ਮਾਤਾ ਕਰਮਾ ਦੇਵੀ ਜੀ ਦਾ ਦੁੱਧ ਨਾ ਚੁੰਘਿਆ । ਮਾਤਾ ਦਾ

---

1. ਆਦਿ ਗ੍ਰੰਥ, ਪੰਨਾ 346
2. ਉਹੀ, ਪੰਨਾ 345

ਦੁੱਧ ਉਦੋਂ ਤੱਕ ਨਾ ਪੀਤਾ ਜਦੋਂ ਤੱਕ ਰਘੁ ਚਮਾਰ ਦੇ ਘਰ ਸੁਆਮੀ ਰਾਮਾਨੰਦ ਜੀ ਨੇ ਆ ਕੇ ਨਵਜੰਮੇ ਬਾਲਕ ਨੂੰ ਆਸ਼ੀਰਵਾਦ ਨਾ ਦਿੱਤਾ। ਰਵੀਵਾਰ (ਐਤਵਾਰ) ਦੇ ਦਿਨ ਜਨਮ ਲੈਣ ਕਰਕੇ ਬੱਚੇ ਦਾ ਨਾਂ ਰਵਿਦਾਸ ਰੱਖ ਦਿੱਤਾ ਗਿਆ। ਇਸ ਘਟਨਾ ਦਾ ਉਲੇਖ ਪ੍ਰਿਅਦਾਸ ਜੀ ਨੇ ਆਪਣੀ ਭਗਤਮਾਲ ਦੇ ਟੀਕੇ ਵਿਚ ਇਸ ਤਰ੍ਹਾਂ ਕੀਤਾ ਹੈ :

ਮਾਤਾ ਦੂਧ ਪਿਆਵੈ, ਯਾਕੋ ਛੁਯੋਉ ਨ ਭਾਵੈ,
ਸੁਧਿ ਆਵੇ ਸਬ ਪਾਛਿਲੀਸੁ ਸੇਵਾ ਕੋ ਪ੍ਰਤਾਪ ਹੈ।
ਭਈ ਨਭ ਬਾਨੀ ਰਾਮਾਨੰਦ ਮਨ ਜਾਨੀ,
ਬੜੋ ਦੰਡ ਦਿਯੋ ਭਾਨੀ ਬੇਗਿ ਆਯੇ ਚਲਯੋ ਆਪ ਹੈ।
ਦੁਖੀ ਪਿਤਾ ਦੇਖ ਧਾਏ ਲਪਟਾਏ ਪਾਯ,
ਕੀਜੀਯੇ ਉਪਾਯ ਕਿਯੋ ਸਿਸ਼ਯ ਗਯੋ ਪਾਪ ਹੈ।
ਸਤਨ ਪਾਨ ਕਿਯੋ ਜਿਯੋ ਲਿਯੋ ਉਨ੍ਹ ਇਸ ਜਾਨਿ,
ਨਿਪਟ ਅਜਾਨਿ ਫੇਰਿ ਭੂਲੇ ਭਯੋ ਤਾਪ ਹੈ।

ਸੰਤ ਅਨੰਤਦਾਸ ਨੇ 'ਰਵਿਦਾਸ ਕੀ ਪਰਚਈ' ਵਿਚ ਰਵਿਦਾਸ ਜੀ ਦੇ ਚਮਾਰ ਘਰ ਜਨਮ ਲੈਣ ਦਾ ਕਾਰਣ ਪਿਛਲੇ ਜਨਮ ਵਿਚ ਬ੍ਰਾਹਮਣ ਹੋਣ ਤੇ ਵੀ ਮਾਸ ਖਾਣਾ ਨਾ ਛੱਡਣਾ ਦੱਸਿਆ ਹੈ।

ਰਵਿਦਾਸ ਜੀ ਨੇ ਖ਼ੁਦ ਆਪਣੇ ਇਕ ਪਦ ਵਿਚ ਚਮਾਰ ਘਰ ਜਨਮ ਲੈਣ ਦਾ ਕਾਰਣ ਦੱਸਿਆ ਹੈ ਕਿ ਪੂਰਵ ਜਨਮ ਵਿਚ ਉਨ੍ਹਾਂ ਨੇ ਪ੍ਰਭੂ-ਭਗਤੀ ਨਹੀਂ ਕੀਤੀ :

ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥
ਰਾਜਾ ਰਾਮ ਕੀ ਸੇਵਾ ਨ ਕੀਨੀ ਕਹਿ ਰਵਿਦਾਸ ਚਮਾਰਾ ।[1]

ਕੁਝ ਵੀ ਹੋਵੇ ਇਹ ਗੱਲ ਤਾਂ ਸਪਸ਼ਟ ਹੈ ਕਿ ਗੁਰੂ ਰਵਿਦਾਸ ਜੀ ਦਾ ਜਨਮ ਚਮਾਰ ਦੇ ਘਰ ਵਿਚ ਹੋਇਆ। ਉਹ ਇਕ ਅਤਿ ਸ੍ਰੇਸ਼ਟ ਆਤਮਾ ਸਨ ਜਿਨ੍ਹਾਂ ਨੇ ਸੁਆਮੀ ਰਾਮਾਨੰਦ ਜੀ ਤੋਂ ਗੁਰੂ ਦੀਖਿਆ ਲੈ ਕੇ ਮਾਨਵ ਕਲਿਆਣ ਦਾ ਬੀੜਾ ਚੁਕਿਆ ਸੀ ਅਤੇ ਲੋਕਾਂ ਨੂੰ ਪ੍ਰਭੂ ਭਗਤੀ ਦੇ ਮਾਰਗ ਤੇ ਚਲਣਾ ਦੱਸਿਆ। ਨਾਲ ਹੀ ਉਨ੍ਹਾਂ ਨੂੰ ਆਚਾਰ-ਵਿਹਾਰ ਅਤੇ ਕਰਮ ਦੀ ਮਹੱਤਤਾ ਸਮਝਾਈ।

ਰਵਿਦਾਸ ਜੀ ਦਾ ਜਨਮ ਜਿਸ ਪਰਿਵਾਰ ਵਿਚ ਹੋਇਆ ਸੀ ਉਹ ਚਮੜੇ ਦਾ ਕਿੱਤਾ ਕਰਦੇ ਸਨ। ਜਿਸ ਵਿਚ ਚਮੜੇ ਦੀ ਰੰਗਾਈ, ਕਟਾਈ ਅਤੇ ਚਮੜੇ ਦੀਆਂ ਜੁੱਤੀਆਂ, ਕਾਠੀਆਂ, ਲਗਾਮਾਂ ਆਦਿ ਵਸਤਾਂ ਬਣਾਉਣਾ, ਉਨ੍ਹਾਂ ਉਤੇ ਜ਼ਰੀ ਤਿਲੇ ਦਾ

1. ਆਦਿ ਗ੍ਰੰਥ, ਪੰਨਾ 486

ਕੰਮ ਵੀ ਹੁੰਦਾ ਸੀ। ਉਨ੍ਹਾਂ ਨੇ ਇਕ ਥਾਂ ਤੇ ਕਿਹਾ ਹੈ :

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ।[1]

ਇਸ ਸੰਕੇਤ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਰਵਿਦਾਸ ਜੀ ਜਿਸ ਚਮਾਰ ਜ਼ਾਤੀ ਵਿਚ ਪੈਦਾ ਹੋਏ ਸਨ ਉਹ ਆਪਣੇ ਵੇਲਿਆਂ ਵਿਚ ਆਪਣੇ ਵਧੇ-ਫੁਲੇ ਕਾਰੋਬਾਰ ਸਦਕਾ ਚੰਗੇ ਖ਼ਾਸੇ ਖ਼ੁਸ਼ਹਾਲ ਸਨ ਅਤੇ ਮਸ਼ਹੂਰੀ ਦੇ ਨਾਲ ਨਾਲ ਉਹ ਟੱਬਰ ਰੱਬ ਵਿਚ ਪੂਰਾ ਵਿਸ਼ਵਾਸ ਰੱਖਣ ਵਾਲਾ ਸੀ ਅਤੇ ਧਾਰਮਿਕ ਆਚਾਰ-ਵਿਹਾਰ ਵਾਲਾ ਸੀ। ਉਨ੍ਹਾਂ ਦੇ ਮਾਤਾ-ਪਿਤਾ ਅਤੇ ਪਰਿਵਾਰ ਦੇ ਹੋਰ ਲੋਕ ਵੀ ਪ੍ਰਭੂ-ਭਗਤ ਸਨ। ਇਹੋ ਜਿਹੇ ਵਾਤਾਵਰਣ ਵਾਲੇ ਟੱਬਰ ਵਿਚ ਪਾਲੇ ਤੇ ਪੋਸੇ ਗਏ ਬਾਲਕ ਰਵਿਦਾਸ ਦਾ ਪ੍ਰਭੂ-ਭਗਤੀ ਵੱਲ ਝੁਕਾ ਹੋਣਾ ਬਿਲਕੁਲ ਸੁਭਾਵਿਕ ਹੀ ਸੀ। ਦੂਜੇ, ਉਨ੍ਹਾਂ ਨੂੰ ਆਪਣੇ ਪੂਰਵ ਜਨਮ ਦੇ ਪੁੰਨਾਂ ਦੇ ਫਲਸਰੂਪ ਪ੍ਰਭੂ-ਭਗਤੀ ਜਮਾਂਦਰੂ ਵੀ ਮਿਲੀ ਸੀ। ਉਨ੍ਹਾਂ ਨੇ ਆਪਣੀ ਬਾਣੀ ਵਿਚ ਵਾਰ ਵਾਰ ਭਗਤੀ ਨੂੰ ਪੁੰਨ-ਕਰਮਾਂ ਦਾ ਫਲ ਕਿਹਾ ਹੈ :

ਕਹੈ ਰਵਿਦਾਸ ਤੇਰੀ ਭਗਤਿ ਦੂਰਿ ਹੈ, ਭਾਗ ਬੜੇ ਸੋ ਪਾਵੈ ।
ਇਹਿ ਪਦ ਕਹਤ ਸੁਨਤ ਨਹੀਂ ਆਵੈ, ਕਹੈ ਰਵਿਦਾਸ ਸੁਕ੍ਰਿਤ ਕੋ ਪਾਵੈ ।

ਇਸ ਤਰ੍ਹਾਂ ਬਾਲਕ ਰਵਿਦਾਸ ਜੀ ਨੂੰ ਪ੍ਰਭੂ-ਭਗਤੀ ਦੀ ਪ੍ਰੇਰਨਾ ਜਨਮ ਦੇ ਨਾਲ ਹੀ ਮਿਲੀ ਸੀ। ਮੇਜਰ ਬ੍ਰਿਗਸ (ਦੀ ਚਮਾਰਸ, ਪੰਨਾ 205) ਦਾ ਕਹਿਣਾ ਹੈ ਕਿ 'ਇਹ 18 ਸਾਲ ਦੀ ਉਮਰ ਵਿਚ ਰਾਮ ਆਦਿ ਦੀ ਆਰਾਧਨਾ ਕਰਨ ਲੱਗ ਪਏ ਸਨ'। ਪ੍ਰੰਤੂ ਅਨੰਤਦਾਸ ਤਾਂ ਲਿਖਦੇ ਹਨ :

ਦਿਨ ਦਿਨ ਹਿਰਦੈ ਹਰਿ ਬਿਸਵਾਸੁ । ਦਿਨ ਦਿਨ ਬੜੌ ਭਯੋ ਰਵਿਦਾਸੁ ॥
ਬਰਸ ਸਾਤ ਕੋ ਭਯੌ ਹੈ ਜਬ ਹੀ । ਨੌਧਾ ਭਗਤਿ ਦਿਢਾਈ ਤਬ ਹੀ ॥
ਹਰਿ ਭਗਤਿਨ ਕੀ ਸੇਵਾ ਕਰੈ । ਸਤਿਗੁਰ ਕਹੀਸ ਸੀਖ ਨ ਟਰੈ ॥

ਬਾਲਕ ਰਵਿਦਾਸ ਦਿਨ-ਰਾਤ ਭਜਨ-ਬੰਦਗੀ, ਪਾਠ-ਪੂਜਾ, ਸਾਧੂਆਂ ਸੰਤਾਂ ਦੀ ਸੇਵਾ ਅਤੇ ਉਨ੍ਹਾਂ ਦੇ ਸਤਿਕਾਰ ਵਿਚ ਲੱਗੇ ਰਹਿੰਦੇ। ਜਿਉਂ ਜਿਉਂ ਸਮਾਂ ਲੰਘਦਾ ਗਿਆ ਉਨ੍ਹਾਂ ਦੀ ਲਗਨ ਪ੍ਰਭੂ ਵੱਲ ਵੱਧਦੀ ਹੀ ਗਈ, ਇਸੇ ਤਰ੍ਹਾਂ ਸੱਤ ਸਾਲ ਹੋਰ ਲੰਘ ਗਏ :

ਸਮਾ ਸਾਤ ਔਰ ਚਲਿ ਗਯਾ ।
ਬਹੁਤ ਪ੍ਰੀਤਿ ਕੇਸੌਂ ਸੌ ਭਯਾ ।

ਪੁੱਤਰ ਨੂੰ ਇਸ ਤਰ੍ਹਾਂ ਸੰਸਾਰਿਕ ਕੰਮਾਂ ਵਲੋਂ ਬਿਲਕੁਲ ਉਪਰਾਮ ਤੇ ਵੈਰਾਗੀ ਦੇਖ ਕੇ ਮਾਤਾ ਪਿਤਾ ਬਹੁਤ ਚਿੰਤਾਤੁਰ ਹੋਏ। ਇਸ ਅਵਸਥਾ ਵਿਚ ਉਨ੍ਹਾਂ ਨੇ ਰਵਿਦਾਸ

1. ਉਹੀ, ਪੰਨਾ 1293

ਜੀ ਨੂੰ ਸੰਸਾਰਿਕ ਬੰਧਨਾਂ ਵਿਚ ਛੇਤੀ ਤੋਂ ਛੇਤੀ ਬੰਨ੍ਹ ਦੇਣਾ ਹੀ ਠੀਕ ਸਮਝਿਆ ਅਤੇ ਉਨ੍ਹਾਂ ਦਾ ਵਿਆਹ ਕਰ ਦਿੱਤਾ। ਰਵਿਦਾਸ ਜੀ ਦੀ ਪਤਨੀ ਦਾ ਨਾਂ ਲੋਨਾ ਜਾਂ ਲੋਣਾ ਦੇਵੀ ਸੀ।

ਲੋਨਾ ਚਮਿਆਰਾਂ ਦੀ ਇਕ ਦੇਵੀ ਦਾ ਵੀ ਨਾਮ ਹੈ। ਉਹ ਇਸ ਦੀ ਪੂਜਾ ਕਰਦੇ ਹਨ ਅਤੇ ਇਸ ਤੋਂ ਇਹ ਲੋਕ ਆਪਣੇ ਪਰਿਵਾਰ ਦੀ ਸੁਖ-ਸ਼ਾਂਤੀ ਲਈ ਬੇਨਤੀ ਕਰਦੇ ਹਨ। ਇਸ ਸਮਾਜ ਵਿਚ ਪ੍ਰਚਲਿਤ ਜਾਦੂ-ਟੂਣਿਆਂ ਦੀ ਪ੍ਰਕ੍ਰਿਆ ਦੇ ਮੰਤਰਾਂ ਆਦਿ ਦੇ ਨਾਲ ਲੋਨਾ ਦਾ ਨਾਂ ਵੀ ਆਉਂਦਾ ਹੈ। ਮੱਧਕਾਲ ਵਿਚ ਲੋਨਾ ਚਮਾਰੀ ਦੀ ਬੜੀ ਪ੍ਰਸਿੱਧੀ ਸੀ ਅਤੇ ਅਨੇਕ ਤਰ੍ਹਾਂ ਦੀਆਂ ਜਾਦੂ-ਟੂਣਿਆਂ ਦੀਆਂ ਕਥਾਵਾਂ ਉਸ ਦੇ ਨਾਂ ਨਾਲ ਪ੍ਰਚਲਿਤ ਹੋ ਗਈਆਂ ਸਨ। ਹਿੰਦੀ ਦੇ ਪ੍ਰਸਿੱਧ ਮਹਾਂਕਵੀ ਮਲਿਕ ਮੁਹੰਮਦ ਜਾਇਸੀ (1483–1599 ਵਿਕ੍ਰਮੀ) ਨੇ ਆਪਣੇ 'ਪਦਮਾਵਤ' ਕਾਵਿ ਵਿਚ ਲੋਨਾ ਚਮਾਰੀ ਨੂੰ ਤੰਤਰ-ਮੰਤਰ (ਜਾਦੂ-ਟੂਣਾ) ਸਿਖਾਉਣ ਵਾਲੀ ਕਾਮਰੂਪ ਦੇਸ਼ ਦੀ ਜਾਦੂਗਰਨੀ ਦੇ ਰੂਪ ਵਿਚ ਚਿਤਰਿਆ ਹੈ। ਇਸ ਦਾ ਕਾਰਣ ਸ਼ਾਇਦ ਇਹੋ ਹੋ ਸਕਦਾ ਹੈ ਕਿ ਲੋਨਾ ਦੇਵੀ ਰਵਿਦਾਸ ਜੀ ਦੀ ਪਤਨੀ ਸੀ। ਪਤੀ ਨਾਲ ਸੰਬੰਧ ਨਾਤੇ ਪਤਨੀ ਲੋਨਾ ਦੇਵੀ ਜੀ ਦਾ ਪ੍ਰਸਿੱਧ ਹੋਣਾ ਐਨ ਸੁਭਾਵਿਕ ਹੈ, ਤੇ ਇਸੇ ਕਾਰਣ ਉਨ੍ਹਾਂ ਦੇ ਨਾਮ ਦੇ ਨਾਲ ਕਈਆਂ ਕਹਾਣੀਆਂ ਦਾ ਜੁੜ ਜਾਣਾ ਕੋਈ ਵੱਡੀ ਤੇ ਅਸੰਭਵ ਗੱਲ ਨਹੀਂ ਜਾਪਦੀ।

'ਰਵਿਦਾਸ ਪੁਰਾਣ' ਦੇ ਆਧਾਰ ਉੱਤੇ ਇਹ ਮੰਨਿਆ ਜਾਂਦਾ ਹੈ ਕਿ ਰਵਿਦਾਸ ਦਾ ਇਕ ਪੁੱਤਰ ਵਿਜਯਦਾਸ ਸੀ। ਇਸ ਦੇ ਇਲਾਵਾ ਉਨ੍ਹਾਂ ਦੀ ਸੰਤਾਨ ਦਾ ਉਲੇਖ ਹੋਰ ਕਿਧਰੇ ਨਹੀਂ ਮਿਲਦਾ। ਇਸ ਲਈ ਇਸ ਬਾਰੇ ਪ੍ਰਮਾਣਿਕ ਅਤੇ ਅਧਿਕਾਰ ਰੂਪ ਨਾਲ ਇਸ ਤੋਂ ਵਧੀਕ ਕੁਝ ਨਹੀਂ ਕਿਹਾ ਜਾ ਸਕਦਾ। ਜਿਸ ਤਰ੍ਹਾਂ ਕਬੀਰ ਜੀ ਦੇ ਸੰਬੰਧ ਵਿਚ ਇਹ ਪ੍ਰਸਿੱਧ ਹੈ ਕਿ :

ਮਸਿ ਕਾਗਦ ਛੂਹੋ ਨਹੀਂ, ਕਲਮ ਗਹੀ ਨਹਿ ਹਾਥ।
ਚਾਰਿਓਂ ਜੁਗਨ ਮਹਾਤਮ ਕਬੀਰ, ਮੁਖਹਿ ਜਨਾਈ ਬਾਤ॥

ਉਸੇ ਤਰ੍ਹਾਂ ਰਵਿਦਾਸ ਜੀ ਦੇ ਬਾਰੇ ਵੀ ਸੰਤ ਕਰਮਦਾਸ ਨੇ ਲਿਖਿਆ ਹੈ :

ਪੰਡਿਤ ਗੁਨੀ ਕੋਉ ਢਿਗ ਨ ਬਿਠਾਯੇ। ਵੇਦ ਸ਼ਾਸਤਰ ਕਿਨਹੂ ਨ ਪਢਾਯੇ।
ਅੰਤਰਮੁਖਿ ਜਉ ਕੀਨ੍ਹੋਂ ਧਯਾਨਾ। ਚਾਰਿਉਂ ਜੁਗਨ ਕਾ ਪਾਯੋ ਗਿਆਨਾ॥
ਕਾਗਜ਼ ਕਲਮ ਮਸਿ ਕਛੁ ਨਹਿੰ ਜਾਨਾ। ਸਤਗੁਰ ਦੀਨ੍ਹੋਂ ਪੂਰਨ ਗਿਯਾਨਾ॥

ਜਿਵੇਂ ਕਬੀਰ ਜੀ ਬਾਰੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਬਿਲਕੁਲ ਅਨਪੜ੍ਹ ਸਨ, ਉਸੇ ਤਰ੍ਹਾਂ ਰਵਿਦਾਸ ਜੀ ਬਾਰੇ ਵੀ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਉਸ ਵੇਲੇ ਦੀ ਸਮਾਜਿਕ ਵਿਵਸਥਾ ਦੇ ਕਾਰਣ ਨੀਵੀਂ ਸਮਝੀ ਜਾਣ

ਵਾਲੀ ਚਮਾਰ ਜਾਤੀ ਵਿਚ ਹੋਣ ਕਰਕੇ ਬਾਕਾਇਦਾ ਤੌਰ ਤੇ ਕਿਸੇ ਪਾਠਸ਼ਾਲਾ ਵਿਚ ਜਾ ਕੇ ਵੇਦ-ਸ਼ਾਸਤਰ ਆਦਿ ਦਾ ਅਧਿਐਨ ਕਿਸੇ ਗੁਰਮੁਖ ਤੋਂ ਕਰਨ ਦਾ ਸੁਭਾਗ ਨਾ ਮਿਲਿਆ ਹੋਵੇ। ਪਰੰਤੂ ਉਨ੍ਹਾਂ ਦੀ ਬਾਣੀ ਅਤੇ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਦੇ ਅਧਿਐਨ ਤੋਂ ਇਹ ਸਾਬਤ ਹੁੰਦਾ ਹੈ ਕਿ ਰਵਿਦਾਸ ਜੀ ਨੂੰ ਵੇਦਾਂ, ਉਪਨਿਸ਼ਦਾਂ, ਗੀਤਾ, ਭਾਗਵਤ, ਪੁਰਾਣ ਆਦਿ ਵਿਸ਼ਿਆਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਦੀ ਪੂਰੀ ਜਾਣਕਾਰੀ ਸੀ। ਇਸ ਦੇ ਉਦਾਹਰਣ ਸਾਨੂੰ ਉਨ੍ਹਾਂ ਦੀ ਬਾਣੀ ਵਿਚੋਂ ਥਾਂ ਥਾਂ ਮਿਲਦੇ ਹਨ। ਇਸ ਤੋਂ ਛੁੱਟ ਉਹ ਤਤਕਾਲੀਨ ਧਾਰਮਿਕ ਸਾਧਨਾ-ਪੱਧਤੀਆਂ ਤੋਂ ਵੀ ਪੂਰੀ ਤਰ੍ਹਾਂ ਜਾਣੂ ਸਨ। ਇਸ ਸਮੁੱਚੇ ਗਿਆਨ ਦੀ ਪ੍ਰਾਪਤੀ ਉਨ੍ਹਾਂ ਨੂੰ ਪੀੜ੍ਹੀ ਦਰ ਪੀੜ੍ਹੀ ਚਲੇ ਆ ਰਹੇ ਸੰਸਕਾਰਾਂ, ਸਤਿਸੰਗ ਅਤੇ ਵਿਅਕਤੀਗਤ ਅਨੁਭਵ ਦੇ ਮਾਧਿਅਮ ਤੋਂ ਪ੍ਰਾਪਤ ਹੋਈ ਜਾਪਦੀ ਹੈ।

ਜਮਾਂਦਰੂ ਪ੍ਰਭੂ ਭਗਤ ਹੋਣ ਕਰਕੇ ਰਵਿਦਾਸ ਜੀ ਨੇ ਮਸਨੂਈ/ਦਿਖਾਵਟੀ ਅਧਿਐਨ ਨੂੰ ਫ਼ਜ਼ੂਲ ਦੱਸਿਆ ਹੈ ਅਤੇ ਆਪਣੇ ਮਨ ਨੂੰ ਪ੍ਰਭੂ ਦੀ ਪਾਠਸ਼ਾਲਾ ਵਿਚ 'ਰਾਮ ਨਾਮ' ਦਾ ਪਾਠ ਪੜ੍ਹਨ ਦਾ ਰੂਪਕ ਬੰਨ੍ਹ ਕੇ ਕਿਹਾ ਹੈ :

ਚਲਿ ਮਨ ਹਰਿ ਚਟਸਾਲ ਪੜ੍ਹਾਉਂ।
ਗੁਰ ਕੀ ਸਾਂਟਿ ਗਿਆਨ ਕਾ ਅੱਛਰ,
ਬਿਸਰੈ ਤੌ ਸਹਜ ਸਮਾਧਿ ਲਗਾਉਂ ॥ ਟੇਕ ॥
ਪ੍ਰੇਮ ਕੀ ਪਾਟੀ ਸੁਰਤਿ ਕੀ ਲੇਖਨ,
ਰੋਮ ਰੋਮ ਸੋ ਲਿਖਿ ਅੰਕ ਦਿਖਾਉਂ।
ਯੇਹਿ ਬਿਧਿ ਮੁਕਤ ਭਯੇ ਸਨਕਾਦਿਕ,
ਰਿਦੈ ਬਿਦਾਰਿ ਪ੍ਰਕਾਸ ਦਿਖਾਉਂ ॥
ਕਾਗਦ ਕੰਵਲ ਮਤਿ ਮਸਿ ਕਰਿ ਨਿਰਮਲ,
ਬਿਨ ਰਸਨਾ ਨਿਸਿ ਦਿਨ ਗੁਨ ਗਾਉਂ।
ਕਹੈ 'ਰਵਿਦਾਸ' ਰਾਮ ਜਪਿ ਭਾਈ ॥
ਸੰਤ ਸਾਖਿ ਦੈ ਬਹੁਰਿ ਨ ਆਉਂ ॥

'ਪ੍ਰਹਿਲਾਦ ਚਰਿਤ' ਵਿਚ ਤਾਂ ਰਵਿਦਾਸ ਜੀ ਭਗਤ ਪ੍ਰਹਿਲਾਦ ਦੇ ਮਾਧਿਅਮ ਰਾਹੀਂ ਸਾਫ਼ ਹੀ ਕਹਿ ਦਿੰਦੇ ਹਨ :

ਮੈਂ ਪਢਯੋ ਰਾਮ ਕੋ ਨਾਮ ਔਰ ਦੂਜਾ ਨਹਿ ਜਾਨੌ ॥
ਰਾਰਾ ਮਮਾ ਛਾਡਿ ਤੀਸਰੋ ਅੰਕ ਨ ਆਨੌ ॥
ਕਹਾ ਪੜ੍ਹਾਵੈ ਬਾਵਰੇ ਔਰ ਸਕਲ ਜੰਜਾਰ ॥
ਭੌ ਸਾਗਰ ਜਮਲੋਕ ਤੈ ਮੋਹਿ ਕੌਨ ਲਗਾਵੈ ਪਾਰ ॥

ਫ਼ਾਰਸੀ ਦਾ ਥੋੜ੍ਹਾ ਬਹੁਤ ਅਧਿਐਨ ਰਵਿਦਾਸ ਜੀ ਨੇ ਜ਼ਰੂਰ ਕਿਸੇ ਮੌਲਵੀ ਦੀ

ਸੰਗਤ ਵਿਚ ਰਹਿ ਕੇ ਕੀਤਾ ਹੋਵੇਗਾ, ਕਿਉਂਕਿ ਫ਼ਾਰਸੀ ਦੀ ਜਾਣਕਾਰੀ ਉਨ੍ਹਾਂ ਵੇਲਿਆਂ ਵਿਚ ਲਾਜ਼ਮੀ ਸੀ ਅਤੇ ਉਸਦੇ ਲਈ ਲੋੜੀਂਦੀ ਸਹੂਲਤ ਅਤੇ ਵਧੀਆ ਮੌਕਾ ਵੀ ਉਪਲਬਧ ਸੀ। ਰਵਿਦਾਸ ਜੀ ਦੇ ਕੁਝ ਇਹੋ ਜਿਹੇ ਪਦ ਹਨ ਜਿਨ੍ਹਾਂ ਵਿਚ ਅਰਬੀ-ਫ਼ਾਰਸੀ ਸ਼ਬਦਾਂ ਦੀ ਬਹੁਲਤਾ ਹੈ। ਉਦਾਹਰਣ ਲਈ ਇਕ ਪਦ ਦੇਖੋ :

ਖਾਲਿਕ ਸਿਕਸਤਾ ਮੈਂ ਤੇਰਾ।
ਦੇ ਦੀਦਾਰ ਉਮੇਦਵਾਰ ਬੇਕਰਾਰ ਜੀਉ ਮੇਰਾ ॥ ਟੇਕ ॥
ਅਵਲਿ ਆਖਿਰ ਇਲਤ ਆਦਮ, ਮੌਜ ਫਰਿਸਤਾ ਬੰਦਾ।
ਜਿਸਕੀ ਪਨਹ ਪੀਰ ਪੈਕੰਬਰ, ਮੈਂ ਗਰੀਬ ਕਯਾ ਗੰਦਾ ॥
ਤੂ ਹਾਜਰਾ ਹੂਜਰਿ ਜੋਗ ਯੇਕ, ਅਵਰ ਨਹੀਂ ਦੂਜਾ।
ਜਿਸਕੇ ਇਸਕ ਆਸਿਰਾ ਨਾਹੀ, ਕਯਾ ਨਮਾਜ ਕਯਾ ਪੂਜਾ ॥
ਨਾਲੀਦੋਜ ਹਨੋਜ ਬੇਬਖਤ, ਕਿਮਿ ਖਿਜਮਤਗਾਰ ਤੁਮਹਾਰਾ।
ਦਰਮਾਂਦਾ ਦਰਿ ਜਵਾਬ ਨ ਪਾਵੈ, ਕਹੈ 'ਰਵਿਦਾਸ' ਬਿਚਾਰਾ ॥

ਰਵਿਦਾਸ ਜੀ ਦੀ ਤਰ੍ਹਾਂ ਕਬੀਰ, ਮਲੂਕਦਾਸ, ਦਾਦੂ ਦਯਾਲ ਆਦਿ ਸੰਤਾਂ ਨੇ ਵੀ ਆਪਣੇ ਪਦਾਂ ਵਿਚ ਫ਼ਾਰਸੀ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਇਨ੍ਹਾਂ ਸੰਤਾਂ ਨੇ ਆਪਣੀਆਂ ਬਾਣੀਆਂ ਵਿਚ ਸਭ ਭਾਸ਼ਾਵਾਂ ਦੇ ਸ਼ਬਦਾਂ ਦੀ ਖੁੱਲ੍ਹੇ ਦਿਲ ਨਾਲ ਵਰਤੋਂ ਕੀਤੀ ਹੈ। ਇਹ ਗੱਲ ਉਨ੍ਹਾਂ ਦੇ ਬਹੁਤ ਸਾਰੀਆਂ ਭਾਸ਼ਾਵਾਂ ਦੇ ਗਿਆਨ ਦੀ ਸੂਚਕ ਹੈ।

ਭਵਿਸ਼ ਪੁਰਾਣ (ਖੰਡ 4, ਅ. 18, ਸ਼ਲੋਕ 57-60) ਵਿਚ ਰਵਿਦਾਸ ਜੀ ਦੇ ਜਨਮ ਲੈਣ ਅਤੇ ਸੁਆਮੀ ਰਾਮਾਨੰਦ ਜੀ ਦਾ ਸ਼ਿਸ਼ ਬਣਨ ਦੀ ਕਥਾ ਇਸ ਤਰ੍ਹਾਂ ਦਿੱਤੀ ਹੋਈ ਹੈ :

ਚਰਮਕਾਰ ਗ੍ਰਿਹੇ ਜਾਤੋ ਦ੍ਵਿਤੀਯ: ਪਿੰਗਲਾਪਤਿ :।
ਮਾਨਦਾਸਸ੍ਯ ਤਨਯੋ ਰਵਿਦਾਸ ਇਤਿ ਵਿਸ਼੍ਰੁਤ :।
ਪੁਰੀਂ ਕਾਸ਼ੀ ਸਮਾਗਮ੍ਯ ਕਬੀਰ ਰਾਮਤਤ੍ਪਰ੍ਮ੍।
ਜਿਤਵਾ ਮਤਵਿਵਾਦੇਨ ਸੰਕਰਾਚਾਰਯਮਾਗਤਾ :।
ਤਯੋਰਵਿਵਾਦਮਮਵਦ ਹੋਰਾਤ੍ਰੰ ਮਤਾਂਤਰੇ।
ਪਰਾਜਿਤ : ਸ ਰਵਿਦਾਸੋ ਨਤ੍ਵਾ ਤ ਦ੍ਵਿਜਸੱਤਮਮ੍।
ਰਾਮਾਨੰਦਮੁਪਾਂਗਮ੍ਯ ਤਸ੍ਯ ਸ਼ਿਸ਼੍ਯਤ੍ਵਮਾਗਤ :॥

"ਇਕ ਵਾਰ ਸ਼ਨੀ, ਰਾਹੂ, ਕੇਤੂ ਦੇ ਅਤਿਆਚਾਰ, ਪਾਪ-ਆਚਾਰ ਨੂੰ ਦੂਰ ਕਰਨ ਲਈ ਸੂਰਜ ਨੇ ਆਪਣੇ ਦੋ ਪੁੱਤਰਾਂ ਨੂੰ ਧਰਤੀ ਉੱਤੇ ਭੇਜਿਆ। ਪਹਿਲਾ ਪੁੱਤਰ ਇੜਾਪਤੀ ਕਸਾਈ ਦੇ ਘਰ ਸਘਨ ਨਾਮ ਨਾਲ ਉਤਰਿਆ, ਦੂਸਰਾ ਪਿੰਗਲਾਪਤੀ ਮਾਨਦਾਸ ਦੇ ਘਰ ਰਵਿਦਾਸ ਨਾਮ ਨਾਲ ਮਸ਼ਹੂਰ ਹੋਇਆ। ਰਵਿਦਾਸ ਨੇ ਕਾਸ਼ੀ ਜਾ ਕੇ

ਰਾਮਭਗਤ ਕਬੀਰ ਨੂੰ ਵਾਦ-ਵਿਵਾਦ ਵਿਚ ਹਰਾਇਆ ਅਤੇ ਫਿਰ ਸ਼ੰਕਰਾਚਾਰੀਆ ਕੋਲ ਆਇਆ। ਦੋਹਾਂ ਵਿਚਕਾਰ ਇਕ ਦਿਨ ਅਤੇ ਇਕ ਰਾਤ ਲਗਾਤਾਰ ਸ਼ਾਸ਼ਤਰ-ਅਰਥ ਹੁੰਦਾ ਰਿਹਾ। ਅੰਤ ਵਿਚ ਉਨ੍ਹਾਂ ਤੋਂ ਹਾਰ ਕੇ ਰਵਿਦਾਸ ਰਾਮਾਨੰਦ ਦੇ ਕੋਲ ਆਏ ਅਤੇ ਉਨ੍ਹਾਂ ਦੇ ਸ਼ਿਸ਼ ਬਣ ਗਏ।"

ਉਪਰ ਦਿੱਤੀ ਕਥਾ ਦਾ ਸਾਰ ਭਾਵੇਂ ਕੁਝ ਵੀ ਰਿਹਾ ਹੋਵੇ ਪਰ ਇਸ ਤੋਂ ਰਵਿਦਾਸ ਜੀ ਦਾ ਰਾਮਾਨੰਦ ਦਾ ਸ਼ਿਸ਼ ਹੋਣਾ ਪ੍ਰਤੀਤ ਹੁੰਦਾ ਹੈ। ਸੁਆਮੀ ਰਾਮਾਨੰਦ ਜੀ ਵਰਗੇ ਮਾਨਵਤਾਵਾਦੀ, ਉਦਾਰ ਵਿਦਵਾਨ ਗੁਰੂ ਦੀ ਸੰਗਤ ਵਿਚ ਰਹਿ ਕੇ ਜਗਿਆਸੂ ਤੇ ਸੁਪਾਤਰ ਰਵਿਦਾਸ ਜੀ ਨੇ ਸ਼ਾਸ਼ਤਰ ਅਧਿਐਨ ਦਾ ਕੰਮ ਜ਼ਰੂਰ ਪੂਰਾ ਕੀਤਾ ਹੋਵੇਗਾ, ਇਹ ਅਨੁਮਾਨ ਲਾਉਣਾ ਕੋਈ ਅਸੰਗਤ ਨਹੀਂ ਹੋਵੇਗਾ।

ਰਵਿਦਾਸ ਜੀ ਜਮਾਂਦਰੂ ਤੌਰ ਤੇ ਹੀ ਭਗਤ ਸਨ। ਇਸ ਲਈ ਵਿਆਹ ਦੇ ਬੰਧਨ ਵਿਚ ਬੰਨ੍ਹ ਦਿੱਤੇ ਜਾਣ ਤੇ ਵੀ ਉਨ੍ਹਾਂ ਦਾ ਰੋਜ਼ਮੱਰਾ ਦਾ ਕੰਮ ਕਾਜ ਉਸੇ ਤਰ੍ਹਾਂ ਚਲਦਾ ਰਿਹਾ। ਉਨ੍ਹਾਂ ਦੀ ਸਾਧੂ-ਸੇਵਾ, ਸਤਿਸੰਗ ਅਤੇ ਗਿਆਨ ਪ੍ਰਾਪਤ ਕਰਨ ਦੀ ਪ੍ਰਵਿਰਤੀ ਵਿਚ ਕੋਈ ਅੰਤਰ ਨਾ ਆਇਆ। ਇਸਦੇ ਉਲਟ ਉਨ੍ਹਾਂ ਦੀ ਪ੍ਰਵਿਰਤੀ ਭਗਤੀ ਵੱਲ ਲਗਾਤਾਰ ਵੱਧਦੀ ਹੀ ਚਲੀ ਗਈ। ਉਨ੍ਹਾਂ ਦੀ ਪਤਨੀ ਲੋਨਾ ਉਨ੍ਹਾਂ ਦੇ ਸੁਭਾਅ ਦੇ ਅਨੁਕੂਲ ਹੀ ਮਿਲੀ। ਉਹ ਰਵਿਦਾਸ ਜੀ ਦੇ ਇਨ੍ਹਾਂ ਧਰਮ-ਕਰਮ ਦੇ ਕਾਰਜਾਂ ਵਿਚ ਰੁਕਾਵਟ ਨਾ ਬਣੀ ਸਗੋਂ ਮਦਦਗਾਰ ਹੀ ਸਾਬਤ ਹੋਈ।

ਰਵਿਦਾਸ ਜੀ ਆਪਣੇ ਪਿਤਾ ਨਾਲ ਜੱਦੀ ਪੇਸ਼ਾ ਕਰਦੇ ਸਨ। ਉਨ੍ਹਾਂ ਨੂੰ ਉਥੇ ਜੋ ਕੁਝ ਵੀ ਮਿਲਦਾ ਸੀ, ਉਹ ਸਾਧੂ ਸੰਤਾਂ ਨੂੰ ਖੁੱਲ੍ਹੇ ਦਿਲ ਨਾਲ ਵਰਤਾ ਦਿੰਦੇ ਸਨ। ਇਸ ਗੱਲੋਂ ਪਿਤਾ ਨੂੰ ਉਨ੍ਹਾਂ ਦਾ ਇਹ ਵਤੀਰਾ ਚੰਗਾ ਨਾ ਲੱਗਾ। ਇਸ ਪ੍ਰਸੰਗ ਵਿਚ ਰਾਜਾ ਜਸਵੰਤ ਸਿੰਘ ਆਪਣੀ 'ਭਗਤਮਾਲ' ਦੇ ਟੀਕੇ ਵਿਚ ਲਿਖਦੇ ਹਨ :

ਬਾਲ ਬੈਸ ਰਵਿਦਾਸ ਕੋ, ਕੀਨੋ ਪਿਤਾ ਬਿਬਾਹ।
ਬੜੋ ਭਇਓ ਦੇਖਿ ਕਰਮ ਨਿਤ, ਕਹਯੋ ਖਾਟ ਕਰ ਖਾਹ॥
ਕਹਯੋ ਖਾਟ ਕਰ ਖਾਹਿ, ਰਾਸ ਹਮਰੇ ਗ੍ਰਿਹ ਜੋਈ।
ਤਾਂਕਿ ਪਨਹੀ ਬਨਾਹੀ, ਦੇਇ ਸਾਧਨ ਸਭ ਖੋਈ॥

ਰਵਿਦਾਸ ਜੀ ਦੇ ਪਿਤਾ ਨੇ ਉਨ੍ਹਾਂ ਨੂੰ ਬਹੁਤ ਡਰਾਇਆ, ਧਮਕਾਇਆ ਤੇ ਸਮਝਾਇਆ ਕਿ ਉਹ ਆਪਣੇ ਖ਼ਾਨਦਾਨੀ ਪੇਸ਼ੇ ਨੂੰ ਠੀਕ ਢੰਗ ਨਾਲ ਚਲਾਵੇ ਜਿਸਦੀ ਆਮਦਨ ਨਾਲ ਘਰ ਗ੍ਰਿਹਸਤੀ ਚਲ ਸਕੇ। ਪ੍ਰੰਤੂ ਰਵਿਦਾਸ ਜੀ ਉਤੇ ਪਿਤਾ ਦੀ ਇਸ ਡਾਂਟ-ਡਪਟ ਦਾ ਕੋਈ ਅਸਰ ਨਾ ਹੋਇਆ ਅਤੇ ਉਹ ਜੋ ਕੁਝ ਵੀ ਕਮਾਉਂਦੇ ਉਹੋ ਕੁਝ ਸਾਧਾਂ-ਸੰਤਾਂ ਦੀ ਸੇਵਾ ਵਿਚ ਲਗਾ ਦਿੰਦੇ। ਇਸੇ ਮੌਕੇ ਤੇ ਸੰਤ ਨਿਤਯਾਨੰਦ ਜੀ ਨੇ ਆਪਣੇ 'ਭਗਤਮਾਲ' ਵਿਚ ਲਿਖਿਆ ਹੈ :

ਪਿਤਾ ਤ੍ਰਾਸ ਦੈ ਬਹੁ ਸਮਝਾਵੈ । ਕੁਲ ਕਰਨੀ ਕਛੁ ਨ ਕਮਾਵੈ ।
ਬਹੁ ਆਦਰ ਕਰਿ ਸੰਤ ਬੋਲਾਵੈ । ਮਿਲੇ ਜੋ ਘਰ ਮੈਂ ਸਬ ਭੁਗਤਾਵੈ ।

ਇਸ ਵਿਵਹਾਰ ਕਾਰਣ ਰਵਿਦਾਸ ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਵਲੋਂ ਇਕ ਵਿਗੜਿਆ ਹੋਇਆ ਬਾਲਕ ਸਮਝਿਆ ਜਾਣ ਲੱਗਾ । ਇਸ ਸਥਿਤੀ ਦਾ ਵਰਣਨ ਆਪਣੇ ਇਕ ਪਦ ਵਿਚ ਕਰਦੇ ਹੋਏ ਗੁਰੂ ਰਵਿਦਾਸ ਜੀ ਜਜ਼ਬਾਤੀ ਹੋ ਕੇ ਆਪਣੇ ਪ੍ਰਭੂ ਨੂੰ ਪੁਕਾਰਦੇ ਹਨ :

ਨਰਹਰਿ, ਪ੍ਰਗਟਸਿ ਨਾਹੋ ਪ੍ਰਗਟਸਿ ਨਾ ਹੋ, ਦੀਨ ਦਯਾਲ ।
ਜਨਮਤ ਹੀ ਤੈਂ ਹੌਂ ਬਿਗਰਾਨ, ਹੌ ਕਛੁ ਬੂਝਤ ਬਹੁਰਿ ਸਯਾਨ ।।
ਪਰਿਵਾਰ ਬਿਮੁਖ ਮੋਹਿ ਲਾਗਿ, ਕਛੁ ਸਮਝਿ ਪਰਤ ਨਹਿ ਜਾਗਿ ।।

ਜਦੋਂ ਰਵਿਦਾਸ ਜੀ ਨੇ ਆਪਣੀ ਸੰਤ-ਸੇਵਾ ਦੀ ਆਦਤ ਵਿਚ ਕੋਈ ਤਬਦੀਲੀ ਨਾ ਕੀਤੀ ਤਾਂ ਪਿਤਾ ਨੇ ਨਾਰਾਜ਼ ਹੋ ਕੇ ਰਵਿਦਾਸ ਜੀ ਨੂੰ ਟੱਬਰ ਤੋਂ ਅਲਗ ਕਰ ਦਿੱਤਾ । ਇਸ ਸੰਬੰਧ ਵਿਚ ਪ੍ਰਿਯਾਦਾਸ ਜੀ ਲਿਖਦੇ ਹਨ :

ਬੜੇਈ ਰਵਿਦਾਸ ਹਰਿਦਾਸਨਿ ਸੋ ਪ੍ਰੀਤਿ ਕਰੀ,
ਪਿਤਾ ਨ ਸੁਹਾਈ ਦਈ ਠੌਰ ਪਿਛਵਾਰ ਹੀਂ ।
ਹੁਤੋ ਧਨਮਾਲ ਕਨ ਦਿਯੋਇਨ ਹਾਲ,
ਤਿਯਾਪਤਿ ਸੁਖਜਾਲ ਅਰੁ ਕਿਯੋ ਜਬ ਨਯਾਰਹੀਂ ।
ਗਾਂਠੈ ਪਗਦਾਸੀ ਕਹੁੰ ਬਾੜ ਨ ਪ੍ਰਗਾਸੀ ।
ਲਯਾਵੈਂ ਖਾਲ ਕਰੇਂ ਜੂਤੀ ਸਾਧੂ ਸੰਤ ਕੋ ਸੰਭਾਰਹੀਂ ।
ਡਾਰੀ ਏਕ ਛਾਨੀ ਕਿਯੋ ਸੇਵਾ ਕੋ ਸੁਸਥਾਨ,
ਰਹੇ ਚੌੜੇ ਆਪ ਜਾਨਿ ਬਾਂਟਿ ਪਾਵੇ ਯਹਿ ਧਾਰਹੀਂ ।।

ਘਰੋਂ ਅੱਡ ਕੀਤੇ ਜਾਣ ਉੱਤੇ ਪਿਤਾ ਵਲੋਂ ਦਿਤੀ ਗਈ ਪਿਛਵਾੜੇ ਦੀ ਜ਼ਮੀਨ ਉੱਤੇ ਘਾਹ ਫੂਸ ਦੀ ਕੁਟੀਆ ਬਣਾ ਕੇ ਸਾਧੂ ਸੰਤਾਂ ਦੀ ਸੇਵਾ ਅਤੇ ਪ੍ਰਭੂ ਭਜਨ ਕਰਦੇ ਹੋਏ ਰਵਿਦਾਸ ਜੀ ਆਪਣੀ ਪਤਨੀ ਸਮੇਤ ਉਥੇ ਰਹਿਣ ਲੱਗੇ ਅਤੇ ਪਰਮ ਵੈਸ਼ਣਵ ਭਗਤ ਦਾ ਜੀਵਨ ਬਤੀਤ ਕਰਨ ਲੱਗੇ । ਉਨ੍ਹਾਂ ਦੀ ਇਸ ਉੱਚ ਅਵਸਥਾ ਦਾ ਵਰਣਨ ਸੰਤ ਨਿਤਯਾਨੰਦ ਜੀ ਨੇ ਇਸ ਤਰ੍ਹਾਂ ਕੀਤਾ ਹੈ :

ਨਫਾ ਮਿਲੈ ਤਾਮੈ ਕਰੈ ਹਰਿ ਸੰਤਨ ਸਨਮਾਨ ।
ਪਰਮ ਭਾਗਵਤ ਜਨ ਭਯੋ ਸ੍ਰੀ ਰਵਿਦਾਸ ਸੁਜਾਨ ।।

ਰਵਿਦਾਸ ਜੀ ਨੂੰ ਜਦ ਪਿਤਾ ਨੇ ਵੱਖ ਕਰ ਦਿੱਤਾ ਤਾਂ ਉਹ ਅਤਿ ਦਰਜੇ ਦਾ ਗ਼ਰੀਬੀ ਦਾ ਜੀਵਨ ਬਤੀਤ ਕਰਨ ਲੱਗੇ । ਉਨ੍ਹਾਂ ਦੀ ਇਸ ਗ਼ਰੀਬੀ ਦੀ ਹਾਲਤ ਨੂੰ ਦੇਖ ਕੇ ਲੋਕ ਉਨ੍ਹਾਂ ਦਾ ਹਾਸਾ ਉਡਾਉਂਦੇ, ਪ੍ਰੰਤੂ ਪਰਮ ਸੰਤੋਖੀ ਅਤੇ ਪ੍ਰਭੂ-ਭਗਤੀ

ਵਿਚ ਲੀਨ ਸ੍ਰੀ ਰਵਿਦਾਸ ਜੀ ਨੇ ਇਸਦੀ ਕਦੇ ਰੱਤੀ ਭਰ ਵੀ ਚਿੰਤਾ ਨਹੀਂ ਕੀਤੀ ਅਤੇ ਨਾ ਹੀ ਆਪਣੀ ਸੰਤ ਸੇਵਾ ਦੀ ਆਦਤ ਨੂੰ ਬਦਲਿਆ। ਰਵਿਦਾਸ ਜੀ ਨੂੰ ਆਪਣੇ ਇਸ ਜੀਵਨ ਤੇ ਦੁੱਖ ਤਾਂ ਕਦੇ ਨਹੀਂ ਹੋਇਆ, ਪ੍ਰੰਤੂ ਉਨ੍ਹਾਂ ਪ੍ਰਸੰਗ ਵੱਸ ਇਸਦਾ ਸੰਕੇਤ ਆਪਣੀ ਬਾਣੀ ਵਿਚ ਦਿੰਦੇ ਹੋਏ ਕਿਹਾ :

1. ਹਮ ਅਪਰਾਧੀ ਨੀਚ ਘਰ ਜਨਮੈ, ਕੁਟੰਬ ਲੋਗ ਕਰੇਂ ਹਾਂਸੀ ਰੇ।
2. ਦਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥[1]

ਰਵਿਦਾਸ ਜੀ ਨੇ ਆਪਣੇ ਪਦਾਂ ਵਿਚ ਆਪਣੇ ਲੋਕ ਜੀਵਨ ਨੂੰ ਹੀ ਪ੍ਰਗਟ ਕੀਤਾ ਹੈ ਭਗਵਦ-ਭਗਤੀ ਨੂੰ ਨਹੀਂ। ਉਨ੍ਹਾਂ ਨੇ ਧਨ ਤੇ ਸੰਸਾਰਿਕ ਐਸ਼-ਆਰਾਮ ਨੂੰ ਕਦੇ ਵੀ ਵਡੱਪਣ ਦੀ ਨਿਸ਼ਾਨੀ ਨਹੀਂ ਮੰਨਿਆ। ਉਹ ਤਾਂ ਆਪਣੇ ਪਿਤਾ ਪੁਰਖੀ ਜੁੱਤੀਆਂ ਬਣਾਉਣ ਤੇ ਗੰਢਣ ਦਾ ਕੰਮ ਕਰਕੇ ਆਪਣੀ ਰੋਟੀ ਤੇ ਰੋਜ਼ੀ ਕਮਾਉਣ ਅਤੇ ਸਾਧੂ-ਸੰਤਾਂ ਦੀ ਸੇਵਾ ਕਰਨ ਵਿਚ ਹੀ ਪਰਮ ਆਨੰਦ ਸਮਝਦੇ ਸਨ। ਉਨ੍ਹਾਂ ਦਾ ਕੰਮ ਕਰਕੇ ਹੋਏ ਵੀ ਸਤਿਸੰਗ ਤੇ ਭਜਨ-ਕੀਰਤਨ ਚਲਦਾ ਰਹਿੰਦਾ ਸੀ। ਇਕ ਸੱਚੇ ਸੰਤ ਵਾਂਗ ਉਹ ਪ੍ਰਭੂ ਭਗਤੀ ਵਿਚ ਮਗਨ ਰਹਿੰਦੇ ਹੋਏ ਸੰਸਾਰਿਕ ਸੁੱਖ, ਧਨ ਦੌਲਤ ਨੂੰ ਜ਼ਰਾ ਵੀ ਮਹੱਤਵ ਨਹੀਂ ਦਿੰਦੇ ਸਨ ਕਿਉਂਕਿ ਉਨ੍ਹਾਂ ਨੂੰ ਤਾਂ ਨਾਮ ਧਨ ਦੀ ਪ੍ਰਾਪਤੀ ਹੋ ਚੁਕੀ ਸੀ, ਇਸ ਕਰਕੇ ਉਨ੍ਹਾਂ ਲਈ ਬਾਕੀ ਸਭ ਕੁਝ ਨੀਰਸ ਤੇ ਅਰਥਹੀਨ ਸੀ। ਇਸੇ ਕਰਕੇ ਉਹ ਕਹਿੰਦੇ ਹਨ :

ਤੁਝਹਿ ਚਰਨ ਅਰਬਿੰਦ ਭਵਨ ਮਨ,
ਪਾਨ ਕਰਤ ਪਾਯੋ ਪਾਯੋ ਰਮਈਆ ਧਨ।
ਸੰਪਤਿ ਬਿਪਤਿ ਪਟਲ ਮਾਇਆ ਧਨ,
ਤਾਮਹਿੰ ਮਗਨ ਨਾ ਹੋਤ ਤੇਰੋ ਜਨ।
ਕਹਾ ਭਇਓ ਜਉ ਤਨ ਭਯੋ ਛਿਨ ਛਿਨ,
ਪ੍ਰੇਮ ਜਾਇ ਤਉ ਡਰਪੈ ਤੇਰੋ ਜਨ।

ਗੁਰੂ ਰਵਿਦਾਸ ਜੀ ਇਕ ਪਰਮ ਸੰਤੋਖੀ ਵਿਅਕਤੀ ਸਨ। ਉਨ੍ਹਾਂ ਦੀ ਸਾਦਗੀ ਅਤੇ ਸੰਤੁਸ਼ਟ ਜੀਵਨ ਬਾਰੇ ਇਕ ਕਹਾਣੀ ਪ੍ਰਸਿੱਧ ਹੈ। ਇਕ ਵਾਰ ਉਨ੍ਹਾਂ ਦੇ ਘਰ ਇਕ ਸੰਤ ਆਏ ਅਤੇ ਰਵਿਦਾਸ ਜੀ ਦੇ ਸਾਧੂ-ਸੇਵਾ ਅਤੇ ਭਗਵਦ-ਭਗਤੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਅਤਿ ਗ਼ਰੀਬੀ ਤੇ ਦੁੱਖ ਭਰੇ ਜੀਵਨ ਨੂੰ ਦੇਖਦੇ ਹੋਏ ਉਸਨੇ ਇਨ੍ਹਾਂ ਨੂੰ ਪਾਰਸਮਣੀ ਦੇਣੀ ਚਾਹੀ ਤੇ ਕਿਹਾ 'ਇਹਨੂੰ ਸੰਭਾਲ ਕੇ ਰੱਖ ਲਉ ਇਸ ਨਾਲ ਲੋਹਾ ਛੁਹ ਕੇ ਸੋਨਾ ਬਣ ਜਾਵੇਗਾ।' ਪਰੰਤੂ ਰਵਿਦਾਸ ਜੀ ਨੇ ਉਸ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਮਹਾਰਾਜ :

---

1. ਆਦਿ ਗ੍ਰੰਥ, ਪੰਨਾ 858

ਮੇਰੇ ਧਨ ਰਾਮ, ਕਛੁ ਪਾਥਰ ਨ ਸਰੈ ਕਾਮ ।
ਦਾਮ ਮੈਂ ਚਾਹੌ, ਡਾਰੌ ਤਨ ਵਾਰਿਕੈ ।।

ਸਾਧੂ ਨੇ ਸਮਝਿਆ ਰਵਿਦਾਸ ਨੂੰ ਸ਼ਾਇਦ ਯਕੀਨ ਨਹੀਂ ਆਇਆ, ਇਸ ਕਰਕੇ ਉਸਨੇ ਜੁੱਤੀਆਂ ਬਣਾਉਣ ਵਾਲੇ ਔਜ਼ਾਰ ਰਾਂਬੀ ਨੂੰ ਪਾਰਸ ਨਾਲ ਛੁਹਾ ਕੇ ਸੋਨਾ ਬਣਾ ਕੇ ਪ੍ਰਤੱਖ ਦਿਖਾ ਦਿੱਤਾ, ਪਰ ਫਿਰ ਵੀ ਰਵਿਦਾਸ ਜੀ ਨੇ ਪਾਰਸ ਲੈਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ :

ਮਾਧਵੇ ! ਪਾਰਸ ਮਨਿ ਲਈ ਜਾਉ ।
ਮੋਹਿ ਸੋਨੇ ਕਾ ਨਹੀਂ ਚਾਉ ।।

ਅੰਤ ਵਿਚ ਸਾਧੂ ਇਹ ਕਹਿ ਕੇ, 'ਜਦੋਂ ਜੀ ਵਿਚ ਆਵੇ ਇਸਦਾ ਪ੍ਰਯੋਗ ਕਰ ਲਵੀਂ', ਪਾਰਸ ਨੂੰ ਝੁੱਗੀ ਦੀ ਇਕ ਨੁੱਕਰ ਵਿਚ ਟੰਗ ਕੇ ਚਲਾ ਗਿਆ । ਕਹਿੰਦੇ ਹਨ ਕਿ ਜਦੋਂ ਉਹ 13 ਮਹੀਨੇ ਪਿਛੋਂ ਯਾਤਰਾ ਕਰਦਾ ਹੋਇਆ ਆਇਆ ਅਤੇ ਰਵਿਦਾਸ ਜੀ ਕੋਲ ਗਿਆ ਤਾਂ ਦੇਖਦਾ ਹੈ ਕਿ ਰਵਿਦਾਸ ਜੀ ਉਸੇ ਤਰ੍ਹਾਂ ਦਲਿਦਰ ਭਰਿਆ ਜੀਵਨ ਜੀਉ ਰਹੇ ਹਨ । ਇਸ ਤੇ ਜਦੋਂ ਸਾਧੂ ਨੇ ਪਾਰਸ ਬਾਰੇ ਪੁੱਛਿਆ ਤਾਂ ਰਵਿਦਾਸ ਜੀ ਬੋਲੇ 'ਮਹਾਰਾਜ ਆਪ ਜਿਥੇ ਰੱਖ ਗਏ ਸੀ ਉਥੇ ਹੀ ਹੋਵੇਗਾ' ਤੇ ਪਾਰਸ ਨੂੰ ਉਥੇ ਹੀ ਪਿਆ ਦੇਖ ਕੇ ਸਾਧੂ ਰਵਿਦਾਸ ਜੀ ਦੀ ਸਾਦਗੀ ਅਤੇ ਵੈਰਾਗ ਦੇਖ ਕੇ ਅਸਚਰਜਤਾ ਨਾਲ ਭਰ ਗਏ ।

ਪ੍ਰਿਯਾਦਾਸ ਜੀ ਦਾ ਕਥਨ ਹੈ ਕਿ ਭਗਵਾਨ ਖ਼ੁਦ ਹੀ ਸਾਧੂ ਦਾ ਭੇਸ ਧਾਰ ਕੇ ਰਵਿਦਾਸ ਭਗਤ ਜੀ ਦੀ ਸਹਾਇਤਾ ਕਰਨ ਅਤੇ ਉਨ੍ਹਾਂ ਦੀ ਪ੍ਰੀਖਿਆ ਲੈਣ ਆਏ ਸਨ ।

ਰਵਿਦਾਸ ਜੀ ਜੋ ਕਿ ਜੁਤੀਆਂ ਗੰਢ ਕੇ ਆਪਣੀ ਨੇਕ ਕਮਾਈ ਨਾਲ ਆਪਣਾ ਪੇਟ ਭਰਦੇ ਅਤੇ ਸਾਧੂ ਸੇਵਾ ਕਰਨ ਨੂੰ ਆਪਣਾ ਸਭ ਤੋਂ ਵੱਡਾ ਧਰਮ ਸਮਝਦੇ ਸਨ ਉਹ ਰਵਿਦਾਸ ਕਿਸੇ ਦੀ ਦਿੱਤੀ ਹੋਈ ਪਾਰਸਮਣੀ ਲੈ ਕੇ, ਲੋਭ ਤੇ ਲਾਲਚ ਵਿਚ ਆ ਕੇ ਆਪਣੇ ਧਰਮ ਦੇ ਰਸਤੇ ਤੋਂ ਭ੍ਰਿਸ਼ਟ ਕਿਉਂ ਹੁੰਦੇ ? ਰਵਿਦਾਸ ਜੀ ਤਾਂ ਆਪਣੇ ਹੱਥੀਂ ਕੰਮ ਕਰਨ ਨੂੰ ਪ੍ਰਭੂ-ਮਿਲਣ ਦਾ ਇਕ ਵੱਡਾ ਸਾਧਨ ਮੰਨਦੇ ਸਨ । ਉਨ੍ਹਾਂ ਨੇ ਆਪਣੇ ਇਸ ਦ੍ਰਿੜ੍ਹ ਵਿਸ਼ਵਾਸ ਨੂੰ ਆਪਣੀ ਬਾਣੀ ਵਿਚ ਪ੍ਰਗਟ ਕਰਦਿਆਂ ਹੋਇਆਂ ਕਿਹਾ ਹੈ :

ਜਿਹਵਾ ਸੋਂ ਓਂਕਾਰ ਜਪ, ਹੱਥਨ ਸੋ ਕਰ ਕਾਰ ।
ਰਾਮ ਮਿਲਹਿ ਘਰ ਆਇ ਕਰ, ਕਹਿ ਰਵਿਦਾਸ ਵਿਚਾਰ ।।

ਆਪਣੇ ਇਸ ਵਿਸ਼ਵਾਸ ਦੇ ਅਨੁਕੂਲ ਹੀ ਸੰਤ ਰਵਿਦਾਸ ਜੀ ਜੁੱਤੀਆਂ ਗੰਢਦੇ ਹੋਏ ਪ੍ਰੇਮ-ਬਿਹਬਲ ਬਾਣੀ ਵਿਚ ਹਰਿ-ਕੀਰਤਨ ਕਰਦੇ ਰਹਿੰਦੇ । 'ਰਵਿਦਾਸ ਕੀ ਪਰਚਈ' ਦੇ ਲੇਖਕ ਸੰਤ ਧਰਮਦਾਸ (ਭਾਈ ਧਰਮ ਸਿੰਘ) ਨੇ, ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 'ਪੰਜ ਪਿਆਰਿਆਂ' ਵਿਚੋਂ ਇਕ ਸਨ, ਰਵਿਦਾਸ ਜੀ ਦੇ ਰਹਿਣ-ਸਹਿਣ, ਲੋਕ-ਵਿਵਹਾਰ ਅਤੇ ਪ੍ਰਭੂ-ਪ੍ਰੇਮ ਭਿੱਜੇ ਜੀਵਨ ਬਾਰੇ ਲਿਖਿਆ ਹੈ :

ਅਧਿਕ ਪ੍ਰੇਮ ਰਵਿਦਾਸ ਲਗਾਨਾ । ਜਗਤ ਕੀ ਉਰ ਤੇਂ ਭਯਾ ਦਿਵਾਨਾ ।
ਬੈਠਿ ਬਜ਼ਾਰ ਪਨਿਆਂ ਸੋਂ ਗਾਂਡੈ । ਔ ਪ੍ਰੇਮ ਮਗਨ ਇਤ ਉਤ ਕੋ ਹਾਂਡੈ ॥
ਜੋ ਕੋਈ ਕਛੁ ਦੇਇ ਸੋ ਲੇਈ । ਜੋ ਦੇਈ ਨਹੀਂ ਯੂੰ ਹੀ ਗੰਢ ਦੇਈ ॥
ਉੱਚੇ ਕਰ ਕਬਹੂੰ ਨ ਪਸਾਰੈ । ਭਾਵੈ ਕੋ ਜਾਵੋ ਸਿਰ ਮਾਰੈ ॥

ਇਸ ਤਰ੍ਹਾਂ ਬੇ-ਮਿਸਾਲ ਭਗਤੀ-ਭਾਵ, ਸਾਤਵਿਕ ਵਿਚਾਰ, ਉਦਾਰ ਤੇ ਸ਼ਾਂਤ-ਸੁਭਾਅ ਤੇ ਸਾਦਾ ਸੰਤੋਖੀ ਜੀਵਨ ਜੀਉਣ ਕਾਰਣ ਰਵਿਦਾਸ ਜੀ ਦੀ ਗਿਣਤੀ ਪ੍ਰਸਿੱਧ ਭਗਤਾਂ ਵਿਚ ਹੋਣ ਲੱਗੀ । ਸੰਤ ਰਵਿਦਾਸ ਜੀ ਬਾਰੇ ਸੰਤ ਕਬੀਰ ਜੀ ਲਿਖਦੇ ਹਨ :

ਨਿਰਬੈਰੀ ਨਿਹਕਾਮਤਾ, ਸਾਂਈ ਸੇਤੀ ਨੇਹ ।
ਵਿਸ਼ਯਾਂ ਸੂੰ ਨਯਾਰਾ ਰਹੇ, ਸੰਤਨਿ ਕੀ ਮਤਿ ਏਹ ॥

ਰਵਿਦਾਸ ਜੀ ਇਸੇ ਤਰ੍ਹਾਂ ਦੇ ਨਿਰਵੈਰੀ, ਨਿਸ਼ਕਾਮ, ਪ੍ਰਭੂ ਪ੍ਰੇਮ ਵਿਚ ਡੁੱਬੇ ਹੋਏ ਅਤੇ ਗ੍ਰਿਹਸਤੀ ਪਰ ਉਦਾਸੀਨ ਸੰਤ ਸਨ ।

ਰਵਿਦਾਸ ਜੀ ਆਪਣੇ ਗੁਰੂ ਸ੍ਵਾਮੀ ਰਾਮਾਨੰਦ ਜੀ ਦੀਆਂ ਧਰਮ-ਪ੍ਰਚਾਰ ਯਾਤਰਾਵਾਂ ਵੇਲੇ ਅਕਸਰ ਉਨ੍ਹਾਂ ਦੇ ਨਾਲ ਹੁੰਦੇ ਸਨ । ਇਕ ਵਾਰ ਗਾਂਗਰੌਨਗੜ੍ਹ ਦੇ ਰਾਜਾ ਪੀਪਾ ਨੇ ਗੁਰੂ ਰਾਮਾਨੰਦ ਜੀ ਨੂੰ ਸਤਿਕਾਰ ਨਾਲ ਆਪਣੇ ਘਰ ਸੱਦਿਆ ਤਾਂ ਉਸ ਵੇਲੇ ਉਨ੍ਹਾਂ ਦੇ ਨਾਲ ਰਵਿਦਾਸ ਤੇ ਕਬੀਰ ਜੀ ਸਮੇਤ ਚਾਲੀ ਸੇਵਕ ਸਨ । ਇਸ ਪ੍ਰਸੰਗ ਦਾ ਵਰਣਨ ਪ੍ਰਿਯਾਦਾਸ ਜੀ ਇੰਜ ਕਰਦੇ ਹਨ :

ਕਬੀਰ ਰਵਿਦਾਸ ਆਦਿ ਦਾਸ ਸਭ ਸੰਗ ਲਿਯੇ,
ਆਯੇ ਪੁਰ ਪਾਸ ਪੀਪਾ ਪਾਲਕੀ ਲੈ ਆਯੋ ਹੈ ।
ਕਰੀ ਸਾਸ਼ਟਾਂਗ ਨਿਆਰੀ ਨਿਆਰੀ ਬਿਨਯ ਸਾਧੁਨ ਕੋ,
ਧਨ ਕੋ ਲੁਟਾਯ ਸੋ ਸਮਾਜ ਪਧਰਾਯੋ ਹੈ ।
ਐਸੀ ਕਰੀ ਸੇਵਾ ਬਹੁ ਮੇਵਾ ਨਾਨਾ ਰਾਗ ਭੋਗ,
ਬਾਨੀ ਕੇ ਨਾ ਜੋਗ ਭਾਗ ਕਾਪੈ ਜਾਤ ਗਾਯੋ ਹੈ ।
ਜਾਨੀ ਭਗਤਿ ਰੀਤਿ ਘਰ ਰਹੋ ਕੈ ਅਤੀਤ ਹੋਹੁ,
ਕਰ ਕੇ ਪ੍ਰਤੀਤ ਗੁਰੂ ਪਗ ਲਗਿ ਧਾਇਓ ਹੈ ॥

'ਪ੍ਰਸੰਗ ਪਾਰਿਜਾਤ' ਵਿਚ ਵਰਣਨ ਮਿਲਦਾ ਹੈ ਕਿ ਸ੍ਵਾਮੀ ਰਾਮਾਨੰਦ ਜੀ ਗਾਂਗਰੌਨਗੜ੍ਹ ਤੋਂ ਜਗਨਨਾਥਪੁਰੀ ਪੁੱਜੇ ਤਾਂ ਜਗਨਨਾਥ ਜੀ ਨੇ ਬਟੂ-ਰੂਪ ਧਾਰ ਕੇ ਉਨ੍ਹਾਂ ਦਾ ਸੁਆਗਤ ਕੀਤਾ । ਫਿਰ ਰਾਮੇਸ਼ਵਰ ਜਾ ਕੇ ਸ੍ਵਾਮੀ ਜੀ ਨੇ ਆਪਣੇ ਸਿੱਖਾਂ ਸਹਿਤ ਮੰਦਰ ਦੇ ਅੰਦਰ ਜਾ ਕੇ ਸ਼ੰਕਰ ਜੀ ਦੇ ਦਰਸ਼ਨ ਕੀਤੇ । ਸੇਵਕਾਂ ਵਿਚ ਕਬੀਰ ਜੁਲਾਹਾ ਅਤੇ ਰਵਿਦਾਸ ਚਮਾਰ, ਨੂੰ ਦੇਖ ਕੇ ਛੂਤ-ਛਾਤ ਵਿਚ ਯਕੀਨ ਰੱਖਣ ਵਾਲੇ ਬ੍ਰਾਹਮਣ ਉਨ੍ਹਾਂ ਨਾਲ ਘ੍ਰਿਣਾ ਕਰਨ ਲੱਗੇ । ਫੇਰ ਬ੍ਰਾਹਮਣਾਂ ਨੇ ਉਨ੍ਹਾਂ ਨਾਲ ਇਕ ਪੰਗਤ ਵਿਚ ਬੈਠ ਕੇ ਭੋਜਨ ਕਰਨ ਤੋਂ ਨਾਂਹ ਕਰ ਦਿੱਤੀ ਪ੍ਰੰਤੂ ਜਦ ਪੰਡਤਾਂ ਨੇ ਹਰ

ਕਿਸੇ ਦੇ ਵਿਚਕਾਰ ਇਕ-ਇਕ ਰਵਿਦਾਸ ਨੂੰ ਬੈਠਿਆ ਦੇਖਿਆ ਤਾਂ ਉਨ੍ਹਾਂ ਦੇ ਸਿੱਧ-ਰੂਪ ਨੂੰ ਦੇਖ ਕੇ ਹੈਰਾਨ ਰਹਿ ਗਏ ।

ਰਵਿਦਾਸ ਜੀ ਜਨਮ ਤੋਂ ਹੀ ਬ੍ਰਹਮ ਗਿਆਨੀ ਭਗਤ ਸਨ ਪ੍ਰੰਤੂ ਆਪਣੇ ਗੁਰੂ ਰਾਮਾਨੰਦ ਜੀ ਨਾਲ ਯਾਤਰਾਵਾਂ ਵਿਚ ਨਾਲ ਰਹਿਣ ਅਤੇ ਲਗਾਤਾਰ ਉਨ੍ਹਾਂ ਦਾ ਸਤਿਸੰਗ ਕਰਨ ਜਾਂ ਉਨ੍ਹਾਂ ਨਾਲ ਗਿਆਨ ਚਰਚਾ ਕਰਦੇ ਰਹਿਣ ਕਾਰਣ ਰਵਿਦਾਸ ਜੀ ਦੇ ਗਿਆਨ-ਨੇਤ੍ਰ ਪੂਰੀ ਤਰ੍ਹਾਂ ਖੁੱਲ੍ਹ ਗਏ । ਉਨ੍ਹਾਂ ਦੇ ਸ਼ਾਸਤਰ-ਗਿਆਨ ਵਿਚ ਪੂਰਣਤਾ ਅਤੇ ਵਿਚਾਰਾਂ ਵਿਚ ਪਰਮ ਉੱਚੇ ਸੁੱਚੇ ਗਿਆਨੀਆਂ ਵਾਲੀ ਗੰਭੀਰਤਾ ਆ ਗਈ । ਸਵਾਮੀ ਰਾਮਾਨੰਦ ਜੀ ਦੇ ਇਸ ਸਤਿਸੰਗ, ਸ੍ਵੈ-ਅਧਿਐਨ ਨੇ ਰੰਗ ਲਿਆਂਦਾ ਤੇ ਨਤੀਜਾ ਇਹ ਹੋਇਆ ਕਿ ਰਵਿਦਾਸ ਜੀ ਖ਼ੁਦ ਗੰਭੀਰ ਤੇ ਸੂਖਮ ਵਿਸ਼ਿਆਂ ਉੱਤੇ ਪ੍ਰਵਚਨ ਦੇਣ ਲੱਗ ਪਏ । ਉਨ੍ਹਾਂ ਦੇ ਪ੍ਰਵਚਨਾਂ ਵਿਚ ਵੇਦਾਂ, ਉਪਨਿਸ਼ਦਾਂ, ਅਤੇ ਦਰਸ਼ਨ-ਸ਼ਾਸਤਰਾਂ ਦੀ ਵਿਆਖਿਆ ਬਚਨਾਂ ਅਤੇ ਉਦਾਹਰਣਾਂ ਸਹਿਤ ਸੁਣਾਈ ਦੇਣ ਲੱਗੀ । ਅਧਿਆਤਮਿਕ ਵਿਸ਼ਿਆਂ ਉੱਤੇ ਵਾਦ-ਵਿਵਾਦ ਹੁੰਦੇ । ਵਿਦਵਾਨ ਲੋਕ ਵੀ ਇਨ੍ਹਾਂ ਦੇ ਤਰਕਸ਼ੀਲ ਹੱਲ ਸੁਣ ਕੇ ਦੰਗ ਰਹਿ ਜਾਂਦੇ ਤੇ ਪ੍ਰਭਾਵਿਤ ਹੋਏ ਬਿਨਾਂ ਨਾ ਰਹਿੰਦੇ ।

ਸੰਮਤ 1467 ਵਿਕ੍ਰਮੀ ਵਿਚ ਸ੍ਵਾਮੀ ਰਾਮਾਨੰਦ ਜੀ ਜੋਤੀ ਜੋਤ ਸਮਾ ਗਏ । ਇਸ ਪਿਛੋਂ ਉਨ੍ਹਾਂ ਦੀ ਆਗਿਆ ਅਨੁਸਾਰ ਗੁਰੂ ਰਵਿਦਾਸ ਜੀ ਉੱਤਰੀ ਭਾਰਤ ਵਿਚ ਅਤੇ ਖ਼ਾਸ ਕਰਕੇ ਬਨਾਰਸ ਵਿਚ ਰਹਿ ਕੇ ਸਮਾਜ ਤੇ ਧਰਮ ਦਾ ਉਪਦੇਸ਼ ਦੇਣ ਲੱਗੇ, ਪ੍ਰੰਤੂ ਉਨ੍ਹਾਂ ਦੀ ਆਰਥਿਕ ਹਾਲਤ ਪਹਿਲਾਂ ਵਾਂਗ ਮੰਦੀ ਹੀ ਬਣੀ ਰਹੀ । ਜੁੱਤੀਆਂ ਬਣਾਉਣ ਤੇ ਗੰਢਣ ਦੇ ਕਾਰਜ ਤੋਂ ਜੋ ਆਮਦਨੀ ਹੁੰਦੀ ਉਸੇ ਨਾਲ ਸਾਧੂਆਂ ਸੰਤਾਂ ਵਿਚ ਭੋਜਨ ਤਿਆਰ ਕਰਕੇ ਵੰਡ ਦਿੰਦੇ ਅਤੇ ਆਪਣਾ ਗੁਜ਼ਾਰਾ ਵੀ ਕਰਦੇ ।

ਸਾਧੂ ਜਾਂ ਸਾਧ ਰੂਪ ਭਗਵਾਨ ਵਲੋਂ ਦਿੱਤੀ ਪਾਰਸਮਣੀ ਸਵੀਕਾਰ ਨਾ ਕਰਨ ਵਾਲਾ ਪ੍ਰਸੰਗ ਪਿਛੇ ਆ ਚੁੱਕਾ ਹੈ । ਪ੍ਰਿਯਾਦਾਸ ਜੀ ਉਸ ਤੋਂ ਅੱਗੇ ਦੀ ਗੱਲ ਇੰਜ ਬਿਆਨ ਕਰਦੇ ਹਨ ਕਿ ਜਦੋਂ ਰਵਿਦਾਸ ਜੀ ਨੇ ਸਾਧੂ ਦੇ ਰੂਪ ਵਿਚ ਭਗਵਾਨ ਤੋਂ ਪਾਰਸਮਣੀ ਲੈਣ ਤੋਂ ਨਾਂਹ ਕਰ ਦਿੱਤੀ ਤਾਂ ਭਗਵਾਨ ਨੇ ਹੋਰ ਹੀਲਾ ਸੋਚਿਆ ਕਿਉਂਕਿ ਉਹ ਕਦ ਚਾਹੁੰਦਾ ਹੈ ਕਿ ਉਹਦਾ ਭਗਤ ਕਸ਼ਟ ਦੇ ਦਿਨ ਦੇਖੇ । ਇਸ ਕਰਕੇ ਇਕ ਦਿਨ ਉਸਨੇ ਸਵੇਰੇ ਪੂਜਾ ਕਰਨ ਸਮੇਂ ਰਵਿਦਾਸ ਜੀ ਦੀ ਪੂਜਾ ਦੀ ਟੋਕਰੀ ਵਿਚ ਸੋਨੇ ਦੀਆਂ ਪੰਜ ਮੋਹਰਾਂ ਰੱਖ ਦਿੱਤੀਆਂ । ਮੋਹਰਾਂ ਦੇਖ ਕੇ ਰਵਿਦਾਸ ਜੀ ਡਰ ਗਏ ਜਿਵੇਂ ਕੋਈ ਸੱਪ ਦੇਖ ਲਿਆ ਹੋਵੇ । ਇਥੋਂ ਤੱਕ ਭੈਭੀਤ ਰਹਿਣ ਲੱਗੇ ਕਿ ਪੂਜਾ ਕਰਨ ਤੋਂ ਭੈ ਖਾਣ ਲੱਗੇ । ਫਿਰ ਪ੍ਰਭੂ ਨੇ ਸੁਪਨੇ ਵਿਚ ਦਰਸ਼ਨ ਦੇ ਕੇ ਕਿਹਾ ਕਿ ਭਗਤ ਜੀ ਆਪਣਾ ਹਠ ਛੱਡੋ, ਮੋਹਰਾਂ ਨੂੰ ਸਾਡਾ ਪ੍ਰਸ਼ਾਦ ਸਮਝ ਕੇ ਸਵੀਕਾਰ ਕਰੋ ।

ਇਸ ਪਿਛੋਂ ਸੰਤ ਰਵਿਦਾਸ ਜੀ ਭਗਵਾਨ ਦਾ ਹੁਕਮ ਮੰਨ ਕੇ ਹਰ ਰੋਜ਼ ਮੋਹਰਾਂ ਨੂੰ

ਸਵੀਕਾਰ ਕਰਨ ਲੱਗੇ। ਉਨ੍ਹਾਂ ਨੇ ਇਸ ਧਨ ਨਾਲ ਹੋਰ ਜ਼ਮੀਨ ਲੈ ਕੇ ਇਕ ਸਤਿਸੰਗ ਭਵਨ, ਪਰਮਾਤਮਾ ਦੇ ਭਗਤਾਂ ਦੀ ਰਿਹਾਇਸ਼ ਲਈ ਬਹੁਤ ਵੱਡੀ ਧਰਮਸ਼ਾਲਾ ਅਤੇ ਹਰਿ ਦੇ ਮੰਦਰ ਬਣਵਾਏ। ਰਵਿਦਾਸ ਜੀ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਦੇ ਉਪਦੇਸ਼ ਸੁਣਨ ਲਈ ਲੋਕੀਂ ਦੂਰੋਂ ਪਾਰੋਂ ਆਉਣ ਲੱਗੇ। ਆਉਣ ਵਾਲੇ ਹਰਿ-ਭਗਤਾਂ ਨੂੰ ਮਹਿਮਾਨ-ਘਰ ਵਿਚ ਠਹਿਰਾਇਆ ਜਾਂਦਾ ਅਤੇ ਭੋਜਨ ਆਦਿ ਦੇ ਉੱਤਮ ਪ੍ਰਬੰਧ ਕਰਕੇ ਉਨ੍ਹਾਂ ਦੀ ਚੰਗੀ ਸੇਵਾ ਅਤੇ ਸਤਿਕਾਰ ਕੀਤਾ ਜਾਂਦਾ। ਆਉਣ ਵਾਲੇ ਸ਼ਰਧਾਲੂ ਭਗਤਾਂ ਅਤੇ ਸਾਧੂ-ਸੰਤਾਂ ਵਿਚੋਂ ਬਹੁਤ ਸਾਰੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਸ਼ਿਸ਼ ਬਣ ਗਏ, ਅਤੇ ਇਉਂ ਸਾਰੇ ਲੋਕ ਉਨ੍ਹਾਂ ਦਾ ਗੁਰੂ ਵਾਂਗ ਆਦਰ-ਸਤਿਕਾਰ ਕਰਨ ਲੱਗ ਪਏ।

ਗੁਰੂ ਰਵਿਦਾਸ ਜੀ ਸਤਿਸੰਗ-ਭਵਨ ਵਿਚ ਬੈਠ ਕੇ ਅਧਿਆਤਮਿਕ ਪ੍ਰਵਚਨ ਕਰਦੇ, ਭਜਨ ਕੀਰਤਨ ਹੁੰਦਾ ਤੇ ਨਾਲ ਹੀ ਉਹ ਮਾਨਵ ਸਮਾਨਤਾ ਦੇ ਆਧਾਰ ਉੱਤੇ ਸਮਾਜ-ਸੁਧਾਰ ਦਾ ਵੀ ਉਪਦੇਸ਼ ਦਿੰਦੇ। ਆਪਣੇ ਗੁਰੂ ਰਾਮਾਨੰਦ ਜੀ ਦੇ ਕ੍ਰਾਂਤੀਕਾਰੀ ਵਿਚਾਰਾਂ ਦਾ ਪ੍ਰਚਾਰ ਕਰਦੇ ਹੋਏ ਉਹ ਕਹਿੰਦੇ ਹਨ :

ਜਨਮ ਜ਼ਾਤ ਕੂੰ ਛਾਡਿ ਕਰਿ, ਕਰਨੀ ਜਾਨ ਪ੍ਰਧਾਨ।
ਇਹ੍ਯੋ ਵੇਦ ਕੌ ਧਰਮ ਹੈ, ਕਰੈ 'ਰਵਿਦਾਸ' ਬਖਾਨ ॥

ਵਰਣ-ਵਿਵਸਥਾ ਉੱਤੇ ਵਿਚਾਰ ਕਰਦੇ ਹੋਏ ਉਹ ਕਹਿੰਦੇ ਹਨ :

ਬ੍ਰਾਹਮਣ ਖੱਤਰੀ ਬੈਸ ਸੂਦ, 'ਰਵਿਦਾਸ' ਜਨਮ ਤੇ ਨਾਂਹਿ।
ਜੋ ਚਾਹਈ ਸੁਬਰਨ ਕਉ, ਪਾਵਈ ਕਰਮਨ ਮਾਂਹਿ ॥

ਹੋਰ ਲਿਖਦੇ ਹਨ :

'ਰਵਿਦਾਸ' ਜਨਮ ਕੇ ਕਾਰਨੈ, ਹੋਤ ਨਾ ਕੋਊ ਨੀਚ।
ਨਰ ਕੂੰ ਨੀਚ ਕਰਿ ਡਾਰਿ ਹੈ, ਓਛੇ, ਕਰਮ ਕੌ ਕੀਚ ॥

ਕਦੀ ਕਦੀ ਤਾਂ ਰਵਿਦਾਸ ਜੀ ਦੀ ਨਿਡਰਤਾ ਇਥੋਂ ਤੱਕ ਪੁੱਜ ਜਾਂਦੀ ਹੈ ਕਿ ਉਹ ਸਾਫ਼ ਐਲਾਨ ਕਰ ਦਿੰਦੇ :

'ਰਵਿਦਾਸ' ਬ੍ਰਾਹਮਣ ਮਤਿ ਪੂਜੀਏ, ਜਉ ਹੋਵੇ ਗੁਣਹੀਨ।
ਪੂਜਹਿ ਚਰਨ ਚੰਡਾਲ ਕੇ, ਜ਼ਉ ਹੋਵੈ ਗੁਣ ਪਰਵੀਨ ॥

ਕੁਝ ਉੱਚ ਜ਼ਾਤਾਂ ਦੇ ਲੋਕੀਂ ਇਸ ਤਰ੍ਹਾਂ ਰਵਿਦਾਸ ਜੀ ਦੀ ਪ੍ਰਸਿੱਧੀ ਸੁਣ ਕੇ, ਸਨਮਾਨ ਅਤੇ ਪੂਜਾ ਹੁੰਦੀ ਵੇਖ ਕੇ ਪਹਿਲਾਂ ਹੀ ਉਨ੍ਹਾਂ ਨਾਲ ਈਰਖਾ ਕਰਨ ਲੱਗੇ ਸਨ। ਹੁਣ ਉਸ ਚਮਾਰ ਦੇ ਇਸ ਤਰ੍ਹਾਂ ਦੇ ਐਲਾਨ ਨਾਲ ਤਾਂ ਉਹ ਹੋਰ ਵੀ ਵਧੇਰੇ ਦੁਖੀ ਹੋਏ ਅਤੇ ਉਨ੍ਹਾਂ ਨਾਲ ਖਾਰ ਵੀ ਖਾਣ ਲੱਗੇ। ਅਖ਼ੀਰ ਉਨ੍ਹਾਂ ਨੇ ਇਕ ਚਮਾਰ ਵਲੋਂ ਧਰਮ-ਉਪਦੇਸ਼ ਦੇ ਕਾਰਜ ਨੂੰ ਧਰਮ ਦੇ ਵਿਰੁੱਧ ਕਰਾਰ ਦੇ ਕੇ ਕਾਸ਼ੀ ਦੇ ਰਾਜਾ ਵੀਰ ਸਿੰਘ ਦੇਵ ਬਘੇਲਾ ਕੋਲ ਜਾ ਸ਼ਿਕਾਇਤ ਕੀਤੀ। ਰਾਜੇ ਨੇ ਰਵਿਦਾਸ

ਜੀ ਅਤੇ ਉਨ੍ਹਾਂ ਦੇ ਵਿਰੋਧੀਆਂ ਨੂੰ ਦਰਬਾਰ ਵਿਚ ਹਾਜ਼ਰ ਹੋਣ ਲਈ ਸੱਦ ਲਿਆ। ਦੋਵੇਂ ਧਿਰਾਂ ਵਿਚਾਲੇ ਬਹੁਤ ਬਹਿਸ ਹੋਈ ਜਿਸ ਵਿਚ ਬ੍ਰਾਹਮਣ ਲੋਕ ਹਾਰ ਗਏ। ਗੁਰੂ ਰਵਿਦਾਸ ਜੀ ਦੇ ਠੋਸ ਦਲੀਲ ਭਰੇ ਅਤੇ ਵੈਦਿਕ ਪਰੰਪਰਾ ਦੇ ਅਨੁਕੂਲ ਉਚੇਰੇ ਵਿਚਾਰਾਂ ਨੂੰ ਸੁਣ ਕੇ ਰਾਜਾ ਬਹੁਤ ਪ੍ਰਭਾਵਿਤ ਹੋਇਆ। ਉਸਨੇ ਸ਼ਿਕਾਇਤ ਕਰਨ ਵਾਲਿਆਂ ਨੂੰ ਬਹੁਤ ਫਿਟਕਾਰਿਆ ਅਤੇ ਉਨ੍ਹਾਂ ਦੇ ਹੀ ਈਰਖਾ ਤੇ ਖਾਰ ਭਰੇ ਵਤੀਰੇ ਨੂੰ ਧਰਮ ਦੇ ਵਿਰੁੱਧ ਦੱਸਿਆ। ਰਾਜਾ ਨੇ ਸੰਤ ਰਵਿਦਾਸ ਜੀ ਦਾ ਗੁਰੂ ਵਾਂਗ ਸਨਮਾਨ ਕੀਤਾ ਅਤੇ ਉਨ੍ਹਾਂ ਨੂੰ ਪੂਰੀ ਇੱਜ਼ਤ ਨਾਲ ਸੇਵਾ-ਸਤਿਕਾਰ ਕਰਕੇ ਵਿਦਾ ਕੀਤਾ।

ਇਸ ਘਟਨਾ ਤੋਂ ਬਾਅਦ ਰਵਿਦਾਸ ਜੀ ਦੀ ਪ੍ਰਸਿੱਧੀ ਅਤੇ ਸਨਮਾਨ ਹੋਰ ਵੀ ਵਧ ਗਿਆ। ਇਥੋਂ ਤੱਕ ਕਿ ਬ੍ਰਾਹਮਣ ਅਤੇ ਉੱਚ ਵਰਗ ਦੇ ਲੋਕ ਵੀ ਉਨ੍ਹਾਂ ਦੀ ਚਰਨ-ਬੰਦਨਾ ਕਰਨ ਲੱਗੇ। ਗੁਰੂ ਰਵਿਦਾਸ ਜੀ ਨੇ ਪ੍ਰਭੂ ਭਗਤੀ ਦੀ ਅਦਭੁਤ ਮਹਿਮਾ ਦੱਸਦੇ ਹੋਏ ਖ਼ੁਦ ਇਸ ਸਥਿਤੀ ਦਾ ਭਾਵ ਭਰਿਆ ਵਰਣਨ ਕੀਤਾ ਹੈ :

1. ਨਗਰ ਜਨਾਂ, ਮੇਰੀ ਜਾਤਿ ਬਿਖਿਆਤ ਚੰਮਾਰੰ ॥
ਰਿਦੈ ਰਾਮ ਗੋਬਿੰਦ ਗੁਨ ਸਾਰੰ ॥੧॥ ਰਹਾਉ ॥
ਮੇਰੀ ਜਾਤਿ ਕੁਟ ਬਾਂਢਲਾ
ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ 'ਰਵਿਦਾਸੁ ਦਾਸਾ ॥[1]

2. ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀ ਆਨ ਕੋਊ ॥
ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ
ਫਿਰਹਿ ਅਜਹੁ ਬੰਨਾਰਸੀ ਆਸ ਪਾਸਾ ॥
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ
ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥[2]

ਇਹ ਵੀ ਕਿਹਾ ਜਾਂਦਾ ਹੈ ਕਿ ਕਾਸ਼ੀ ਦੇ ਰਾਜੇ ਦੇ ਦਰਬਾਰ ਵਿਚ ਹੋਈ ਬਹਿਸ ਵਿਚ ਹਾਰ ਜਾਣ ਪਿਛੋਂ ਬ੍ਰਾਹਮਣਾਂ ਨੇ ਇਕ ਹੋਰ ਪ੍ਰਸਤਾਵ ਰਖਿਆ। ਉਨ੍ਹਾਂ ਨੇ ਕਿਹਾ ਕਿ ਭਗਵਾਨ ਦੀ ਮੂਰਤੀ ਨੂੰ ਸਿੰਘਾਸਨ ਸਮੇਤ ਸਭਾ ਵਿਚ ਲਿਆਂਦਾ ਜਾਵੇ, ਜੋ ਧਿਰ

1. ਆਦਿ ਗ੍ਰੰਥ, ਪੰਨਾ 1293
2. ਉਹੀ, ਪੰਨਾ 1293

ਆਪਣੀ ਭਗਤੀ ਦੇ ਬਲ ਤੇ ਆਵਾਹਨ ਕਰਕੇ ਮੂਰਤੀ ਨੂੰ ਸਿੰਘਾਸਨ ਤੋਂ ਆਪਣੇ ਕੋਲ ਬੁਲਾ ਲਵੇਗਾ, ਉਹੋ ਸੱਚਾ ਭਗਤ, ਪਹੁੰਚਿਆ ਹੋਇਆ ਸਿੱਧ ਅਤੇ ਵਿਜੇਤਾ ਮੰਨਿਆ ਜਾਵੇਗਾ। ਦੋਵੇਂ ਧਿਰਾਂ ਨੇ ਵਾਰੀ ਵਾਰੀ ਨਾਲ ਭਗਵਾਨ ਦਾ ਆਵਾਹਨ ਕੀਤਾ। ਜਦ ਬ੍ਰਾਹਮਣਾਂ ਦੀ ਪੁਕਾਰ ਤੇ ਮੂਰਤੀ ਸਿੰਘਾਸਨ ਤੋਂ ਹਿੱਲੀ ਤੱਕ ਨਹੀਂ ਤਾਂ ਰਵਿਦਾਸ ਜੀ ਨੂੰ ਕਿਹਾ ਗਿਆ ਕਿ ਉਹ ਮੂਰਤੀ ਨੂੰ ਸਿੰਘਾਸਨ ਤੋਂ ਆਪਣੇ ਕੋਲ ਬੁਲਾਉਣ। ਭਾਵੇਂ ਗੁਰੂ ਰਵਿਦਾਸ ਜੀ ਮਹਾਰਾਜ ਇਹੋ ਜਿਹੇ ਚਮਤਕਾਰ ਦਿਖਾਉਣ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ ਤਾਂ ਵੀ ਉਨ੍ਹਾਂ ਨੇ ਰਾਜੇ ਵਲੋਂ ਫ਼ਰਮਾਇਸ਼ ਕਰਨ ਤੇ ਆਪਣੀ ਹੰਝੂਆਂ ਭਿਜੀ ਬਿਹਬਲ ਬਾਣੀ ਵਿਚ ਇਹ ਪਦ ਉਚਾਰਿਆ :

ਆਯੋ ਆਯੋ ਹੌ ਦੇਵਾਧਿਦੇਵ, ਤੁਮ ਸਰਨ ਆਯੋ।
ਸਕਲ ਸੁਖ ਕੀ ਮੂਲ ਜਾਕੀ ਨਹੀਂ ਸਮਤੂਲ, ਸੋ ਚਰਨ ਮਲ ਪਾਯੋ ॥
ਲਿਯੋ ਬਿਬਿਧ ਜੋਨਿ ਵਾਸ ਜਮ ਕੀ ਅਗਮ ਤ੍ਰਾਸ,
ਤੁਮ੍ਹਰੇ ਭਜਨ ਬਿਨ ਭ੍ਰਮਤ ਫਿਰਯੋ ॥
ਮਾਇਆ ਮੋਹ ਕਾਮ ਵਿਸ਼ਯ ਲੰਮਟ ਨਿਕਾਮ ਯਹ,
ਅਤਿ ਦੁਸਤਰ ਦੂਰ ਤਰ੍ਯੋ ॥
ਤੁਮ੍ਹਰੇ ਨਾਂਵ ਬਿਸਾਸ ਛਾਂੜਿਏ ਆਨ ਆਸ,
ਸੰਸਾਰੀ ਧਰਮ ਮੇਰੋ ਮਨ ਨ ਧੀਜੈ ॥
'ਰਵਿਦਾਸ' ਦਾਸ ਕੀ ਸੇਵਾ ਮਾਨਹੁ ਦੇਵ,
ਪਤਿਤ ਪਾਵਨ ਨਾਮ ਆਜੁ ਪ੍ਰਗਟ ਕੀਜੈ ॥

ਸੰਤ ਭਗਤ ਪਲਟੂ ਦਾਸ ਜੀ ਨੇ ਵੀ ਆਪਣੇ ਇਕ ਕਬਿੱਤ ਵਿਚ ਇਸ ਘਟਨਾ ਦਾ ਵਰਣਨ ਇੰਜ ਕੀਤਾ ਹੈ :

ਨਹਾਤੇ ਤ੍ਰਿਕਾਲ ਰੋਜ ਪੰਡਿਤ ਅਚਾਰੀ ਬੜੇ,
ਸਦਾ ਪਟ ਬਸਤਰ ਸੂਤ ਅੰਗ ਨਾ ਲਗਾਈ ਹੈ ॥
ਪੂਜਾ ਨੈਬੇਦ ਆਰਤੀ ਕਰਤੇ ਹਮ ਬਿਧਿ ਬਿਧਾਨ,
ਚੰਦਨ ਔ ਤੁਲਸੀ ਭਲੀ ਭਾਂਤ ਸੇ ਚਢਾਈ ਹੈ ॥
ਹਾਰੇ ਹਮ ਕੁਲੀਨ ਸਭ ਕੋਟਿ ਕੋਟਿ ਕੈ ਉਪਾਇ,
ਕੈਸੇ ਤੁਮ ਠਾਕੁਰ ਹਮ ਅਪਨੇ ਹੂ ਨਾ ਪਾਈ ਹੈ।
'ਪਲਟੂਦਾਸ' ਦੇਖੋ ਰੀਝ ਮੇਰੇ ਸਾਹਬ ਕੀ।
ਗਯੇ ਹੈਂ ਕਹਾਂ, ਜਬ ਰਵਿਦਾਸ ਨੇ ਬੁਲਾਈ ਹੈ।

ਸੰਤ ਰਵਿਦਾਸ ਜੀ ਦੀ ਸ਼ਰਧਾ-ਪੂਰਨ ਬੇਨਤੀ ਭਗਵਾਨ ਨੇ ਸਵੀਕਾਰ ਕੀਤੀ ਅਤੇ ਮੂਰਤੀ ਉਨ੍ਹਾਂ ਦੀ ਗੋਦੀ ਵਿਚ ਆ ਬਿਰਾਜੀ। ਇਸ ਤਰ੍ਹਾਂ ਰਵਿਦਾਸ ਜੀ ਅਤੇ ਭਗਵਾਨ ਦੀ ਮੂਰਤੀ ਦਾ ਮਿਲਣ ਦੇਖ ਕੇ ਦਰਸ਼ਕ ਹੈਰਾਨ ਰਹਿ

ਗਏ ਅਤੇ ਰਾਜਾ ਵੀਰ ਸਿੰਘ ਬਘੇਲਾ ਆਪਣੇ ਸਿੰਘਾਸਨ ਤੋਂ ਉਠ ਕੇ ਰਵਿਦਾਸ ਜੀ ਦੇ ਪੈਰੀਂ ਪੈ ਗਿਆ। ਇਸ ਘਟਨਾ ਪਿਛੋਂ ਰਵਿਦਾਸ ਜੀ ਪ੍ਰਤਿ ਲੋਕਾਂ ਦੀ ਸ਼ਰਧਾ ਭਗਤੀ ਹੋਰ ਵੀ ਵੱਧ ਗਈ। ਇਸ ਘਟਨਾ ਬਾਰੇ ਪ੍ਰਿਯਾਦਾਸ ਜੀ ਲਿਖਦੇ ਹਨ :

ਬਸਤ ਚਿਤੌਰ ਮਾਂਝ ਰਾਨੀ ਏਕ ਝਾਲੀ ਨਾਮ,
ਨਾਮ ਬਿਨ ਕਾਨ ਖਾਲੀ ਆਨਿ ਸ਼ਿਸ਼੍ਯ ਭਈ ਹੈ।
ਸੰਗ ਹੁਤੇ ਬਿਪ੍ਰ ਸੁਨਿ ਛਿਪ੍ਰ ਤਨ ਆਗਿ ਲਾਗੀ,
ਭਾਗੀ ਮਤਿ ਨ੍ਰਿਪ ਆਗੇ ਭੀਰ ਸਭ ਗਈ ਹੈ।
ਵੈਸੇ ਹੀ ਸਿੰਹਾਸਨ ਪੈ ਆਈਕੇ ਬਿਰਾਜੈ ਪ੍ਰਭੂ,
ਪਢੇ ਬੇਦਬਾਨੀ ਪੈ ਨ ਆਯੇ ਯਹ ਨਈ ਹੈ।
ਪਤਿਤ ਪਾਵਨ ਨਾਮ ਕੀਜੀਏ ਪ੍ਰਗਟ ਆਜੁ,
ਗਾਈ ਪਦ ਗੋਦ ਆਈ ਬੈਠੇ ਭਗਤਿ ਲਈ ਹੈ।

ਚਿਤੌੜ ਦੀ ਝਾਲੀ ਨਾਮ ਦੀ ਰਾਣੀ ਸੀ। ਉਸਨੇ ਕੰਨਾਂ ਤੋਂ ਹਰਿ ਦਾ ਨਾਮ ਕਦੇ ਨਹੀਂ ਸੁਣਿਆ ਸੀ। ਉਹ ਕਾਸ਼ੀ ਆਈ ਅਤੇ ਰਵਿਦਾਸ ਜੀ ਦੀ ਚੇਲੀ ਬਣ ਗਈ। ਉਸਦੇ ਨਾਲ ਆਏ ਬ੍ਰਾਹਮਣਾਂ ਨੇ ਜਦ ਇਹ ਖ਼ਬਰ ਸੁਣੀ ਤਾਂ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ। ਉਹ ਸਾਰੇ ਮਿਲ ਕੇ ਕਾਸ਼ੀ ਦੇ ਰਾਜੇ ਵੀਰ ਸਿੰਘ ਦੇਵ ਬਘੇਲਾ ਕੋਲ ਗਏ। ਉਨ੍ਹਾਂ ਦੇ ਨਾਲ ਲੋਕਾਂ ਦੀ ਭੀੜ ਵੀ ਉਥੇ ਪੁੱਜੀ। ਸਿੰਘਾਸਨ ਸਣੇ ਭਗਵਾਨ ਦੀ ਮੂਰਤੀ ਬੁਲਾਉਣ ਦੀ ਸ਼ਰਤ ਲਗਾਈ। ਬ੍ਰਾਹਮਣਾਂ ਵਲੋਂ ਵੇਦ ਮੰਤਰ ਪੜ੍ਹਨ ਦੇ ਬਾਵਜੂਦ ਵੀ ਮੂਰਤੀ ਆਪਣੇ ਸਥਾਨ ਤੋਂ ਨਾ ਹਿੱਲੀ। ਰਵਿਦਾਸ ਜੀ ਨੇ 'ਪਤਿਤ ਪਾਵਨ ਨਾਮ ਕੀਜੀਏ ਪ੍ਰਗਟ ਆਜ' ਇਹ ਪਦ ਗਾਇਆ ਅਤੇ ਮੂਰਤੀ ਉਨ੍ਹਾਂ ਦੀ ਝੋਲੀ ਵਿਚ ਆ ਬਿਰਾਜੀ।

ਇਸ ਤਰ੍ਹਾਂ ਪ੍ਰਿਯਾਦਾਸ ਜੀ ਨੇ ਰਾਜੇ ਕੋਲ ਸ਼ਿਕਾਇਤ ਦੀ ਘਟਨਾ ਨੂੰ 'ਚਮਾਰ' ਰਵਿਦਾਸ ਵਲੋਂ ਇਕ ਖਤਰਾਣੀ ਰਾਣੀ, ਜਿਸਦਾ ਨਾਮ ਰਤਨ ਕੁੰਵਰੀ ਸੀ, ਨੂੰ ਦੀਖਿਆ ਦਿੱਤੇ ਜਾਣ ਨਾਲ ਸੰਬੰਧਿਤ ਦੱਸਿਆ ਹੈ।

ਉਪਰੋਕਤ ਕਥਾ ਦਾ ਇਕ ਹੋਰ ਰੂਪ ਵੀ ਪ੍ਰਚਲਿਤ ਹੈ। ਇਸਦੇ ਅਨੁਸਾਰ ਭਗਵਾਨ ਦੀ ਮੂਰਤੀ ਦੇ ਆਵਾਹਨ ਵਿਚ ਜਿੱਤ-ਹਾਰ ਦੇ ਨਾਲ ਇਕ ਸ਼ਰਤ ਹੋਰ ਲਾ ਦਿੱਤੀ ਗਈ। ਜਿਹੜਾ ਪੱਖ ਹਾਰ ਜਾਵੇਗਾ ਉਹ ਜੇਤੂ ਧਿਰ ਨੂੰ ਪਾਲਕੀ ਵਿਚ ਬਿਠਾ ਕੇ ਅਤੇ ਪਾਲਕੀ ਨੂੰ ਆਪਣੇ ਮੋਢਿਆਂ ਉਪਰ ਚੁੱਕ ਕੇ ਸਾਰੇ ਕਾਂਸੀ ਨਗਰ ਵਿਚ ਘੁੰਮਾਵੇਗਾ। ਸ਼ਰਤ ਵਿਚ ਹਾਰ ਕੇ ਵਿਰੋਧੀ ਲੋਕਾਂ ਨੇ ਗੁਰੂ ਰਵਿਦਾਸ ਜੀ ਦੀ ਪਾਲਕੀ ਨੂੰ ਮੋਢਿਆਂ ਉਪਰ ਚੁੱਕਿਆ ਅਤੇ ਸਾਰੇ ਕਾਸ਼ੀ ਨਗਰ ਵਿਚ ਘੁੰਮਾਇਆ। ਹਜ਼ਾਰਾਂ ਸ਼ਰਧਾਲੂ ਰਵਿਦਾਸ ਜੀ ਦੀ ਜੈ ਜੈਕਾਰ ਕਰਦੇ ਹੋਏ ਪਾਲਕੀ ਦੇ ਪਿੱਛੇ ਪਿੱਛੇ ਚਲ ਰਹੇ ਸਨ।

ਇਸ ਜਿੱਤ ਮਗਰੋਂ ਹੀ ਰਵਿਦਾਸ ਜੀ ਨੇ ਭਗਵਾਨ ਦਾ ਗੁਣ ਗਾਇਨ ਕਰਦਿਆਂ ਹੋਇਆਂ ਕਿਹਾ ਹੈ :

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ ਰਹਾਉ ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥[1]

ਇਕ ਦੰਦ ਕਥਾ ਹੈ ਕਿ ਇਕ ਵਾਰ ਰਵਿਦਾਸ ਜੀ ਕੁੰਭ ਪੁਰਬ ਦੇ ਮੇਲੇ ਉੱਤੇ ਪ੍ਰਯਾਗ ਗਏ ਹੋਏ ਸਨ। ਉਥੇ ਮੇਲੇ ਵਿਚ ਦੂਰੋਂ ਪਾਰੋਂ ਅਨੇਕ ਸਾਧੂ-ਸੰਤ, ਬ੍ਰਾਹਮਣ-ਪੰਡਤ, ਰਾਜੇ-ਰਜਵਾੜੇ ਅਤੇ ਆਮ ਜਨਤਾ ਆਦਿ ਕਾਫ਼ੀ ਵੱਡੀ ਗਿਣਤੀ ਵਿਚ ਇਕੱਠੇ ਹੋਏ ਸਨ। ਇਥੇ ਗੁਰੂ ਰਵਿਦਾਸ ਜੀ ਨੂੰ ਧਰਮ ਉਪਦੇਸ਼ ਦਿੰਦੇ ਦੇਖ ਅਤੇ ਇਨ੍ਹਾਂ ਨੂੰ 'ਚਮਾਰ' ਜ਼ਾਤੀ ਦਾ ਜਾਣ ਕੇ ਕੁਝ ਜ਼ਾਤ-ਅਭਿਮਾਨੀ ਲੋਕਾਂ ਨੂੰ ਬਹੁਤ ਈਰਖਾ ਹੋਈ। ਜਦੋਂ ਉਨ੍ਹਾਂ ਨਾਲ ਕੀਤੇ ਵਾਦ-ਵਿਵਾਦ ਵਿਚ ਪੰਡਤਾਂ ਦੀ ਕੋਈ ਪੇਸ਼ ਨਾ ਗਈ ਤਾਂ ਅਖ਼ੀਰ ਵਿਚ ਉਨ੍ਹਾਂ ਨੇ ਸ਼ਰਤ ਰੱਖੀ ਕਿ ਜਿਸਦੀ ਸ਼ਾਲਗਰਾਮ ਦੀ ਮੂਰਤ ਗੰਗਾ ਵਿਚ ਤੈਰਦੀ ਰਹੇਗੀ ਅਤੇ ਡੁਬੇਗੀ ਨਹੀਂ ਉਹ ਹੀ ਸੱਚਾ ਪ੍ਰਭੂ-ਭਗਤ ਸਿੱਧ ਹੋਵੇਗਾ।

ਰਵਿਦਾਸ ਜੀ ਨੇ ਇਸ ਸ਼ਰਤ ਨੂੰ ਇਹ ਕਹਿੰਦਿਆਂ ਹੋਇਆਂ ਅਸਵੀਕਾਰ ਕਰ ਦਿੱਤਾ ਕਿ ਇਸ ਤਰ੍ਹਾਂ ਦੀਆਂ ਸ਼ਰਤਾਂ ਅਤੇ ਬਾਜ਼ੀਆਂ ਲਾਉਣੀਆਂ ਪ੍ਰਭੂ ਭਗਤਾਂ ਤੇ ਸੰਤਾਂ ਨੂੰ ਸੋਭਦੀਆਂ ਨਹੀਂ। ਜੋ ਰੱਬ ਦੀ ਪੂਜਾ ਸੱਚੇ ਦਿਲੋਂ ਕਰਦਾ ਹੈ ਰੱਬ ਉਸੇ ਦਾ ਹੀ ਹੈ। ਪ੍ਰਭੂ ਪੂਜਾ ਕਰਨਾ ਤੇ ਉਪਦੇਸ਼ ਦੇਣਾ ਸਿਰਫ਼ ਬ੍ਰਾਹਮਣਾਂ ਦਾ ਹੀ ਕੰਮ ਨਹੀਂ ਹੈ ਇਹ ਤਾਂ ਸਭ ਕੁਝ ਜੇ ਪ੍ਰਭੂ ਦੀ ਅਪਾਰ ਕ੍ਰਿਪਾ ਹੋਵੇ ਤਾਂ ਹੀ ਹੁੰਦਾ ਹੈ, ਤੁਸੀਂ ਆਪਣੇ ਸਾਲਗਰਾਮ ਦੀ ਪੂਜਾ ਕਰੋ। ਮੇਰਾ ਸਾਲਗਰਾਮ ਤਾਂ ਮੇਰੀ ਇਹ ਪੱਥਰੀ ਹੀ ਹੈ ਜਿਸ ਉੱਤੇ ਮੇਰੀ ਧਰਮ ਦੀ ਕਮਾਈ ਚਲਦੀ ਹੈ। ਪ੍ਰੰਤੂ ਜਦੋਂ ਬ੍ਰਾਹਮਣ ਲੋਕ ਆਪਣੀ ਜ਼ਿੱਦ ਤੋਂ ਨਹੀਂ ਹਟੇ ਤਾਂ ਰਵਿਦਾਸ ਜੀ ਕਹਿਣ ਲੱਗੇ ਕਿ ਚੰਗਾ ਪਹਿਲਾਂ ਤੁਸੀਂ ਆਪਣੇ ਆਪਣੇ ਸਾਲਗਰਾਮ ਗੰਗਾ ਜੀ ਵਿਚ ਪਾਓ ਮੈਂ ਬਾਅਦ ਵਿਚ ਆਪਣੀ ਪੱਥਰੀ ਗੰਗਾ ਵਿਚ ਤਾਰਾਂਗਾ। ਕਹਿੰਦੇ ਹਨ ਕਿ ਸਾਰੇ ਬ੍ਰਾਹਮਣ ਅਤੇ ਉੱਚ ਜ਼ਾਤ ਦਿਆਂ ਲੋਕਾਂ ਦੇ ਸਾਲਗਰਾਮ ਦੀਆਂ ਮੂਰਤੀਆਂ ਸੁੱਟਦੇ ਹੀ ਗੰਗਾ ਵਿਚ ਡੁੱਬ ਗਈਆਂ ਪਰ ਭਗਤ ਰਵਿਦਾਸ ਜੀ ਦੀ ਪੱਥਰੀ ਉਪਰ ਹੀ ਤਰਦੀ ਰਹੀ। ਲੋਕਾਂ ਨੂੰ ਸ਼ੱਕ ਹੋਇਆ

---

1. ਆਦਿ ਗ੍ਰੰਥ, ਪੰਨਾ 1106

ਕਿ ਸ਼ਾਇਦ ਪੱਥਰੀ ਲੱਕੜ ਦੀ ਹੈ। ਘੋਖਣ ਉੱਤੇ ਪਤਾ ਲੱਗਾ ਕਿ ਪੱਥਰੀ ਪੱਥਰ ਦੀ ਹੀ ਹੈ। ਇਸ ਤੇ ਵਿਰੋਧੀ ਬੜੇ ਸ਼ਰਮਿੰਦੇ ਹੋਏ ਤੇ ਗੁਰੂ ਰਵਿਦਾਸ ਜੀ ਦੀ ਭਗਤੀ ਅਤੇ ਸਿੱਧ-ਅਵਸਥਾ ਦੀਆਂ ਚੁਫੇਰੇ ਧੁੰਮਾਂ ਪੈ ਗਈਆਂ।

ਇਸੇ ਪ੍ਰਸੰਗ ਨਾਲ ਸੰਬੰਧਿਤ ਇਕ ਹੋਰ ਦੰਦ ਕਥਾ ਇਹ ਵੀ ਹੈ ਕਿ ਗੁਰੂ ਰਵਿਦਾਸ ਜੀ ਉਥੇ ਗੰਗਾ ਜੀ ਦੇ ਕਿਨਾਰੇ ਬੈਠੇ 'ਰਾਮ ਨਾਮ' ਰਾਹੀਂ ਭਵ-ਸਾਗਰ ਤੋਂ ਪਾਰ ਹੋ ਜਾਣ ਦਾ ਉਪਦੇਸ਼ ਦੇ ਰਹੇ ਸਨ। ਕੁਝ ਈਰਖਾਲੂ ਵਿਅਕਤੀਆਂ ਨੇ ਉਨ੍ਹਾਂ ਨੂੰ ਨੀਵਾਂ ਦੱਸਣ ਲਈ ਵਿਚਾਲੇ ਹੀ ਟੋਕ ਕੇ ਕਿਹਾ ਕਿ 'ਮਹਾਰਾਜ! ਭਵ ਸਾਗਰ ਤੋਂ ਪਾਰ ਹੋਣ ਦੀ ਗੱਲ ਤਾਂ ਦੂਰ ਰਹੀ, ਇਸਤੋਂ ਪਹਿਲਾਂ ਰਤਾ ਇਕ ਪੱਥਰ ਨੂੰ ਜਲ ਦੀ ਧਾਰਾ ਵਿਚ ਤੈਰਾ ਕੇ ਦਿਖਾਉ, ਤਾਂ ਹੀ ਅਸੀਂ ਆਪ ਦੀ ਇਸ ਗੱਲ ਦੀ ਸੱਚਾਈ ਜਾਣ ਸਕਾਂਗੇ।' ਕਹਿੰਦੇ ਹਨ ਕਿ ਰਵਿਦਾਸ ਜੀ ਨੇ ਇਕ ਪੱਥਰ ਦੀ ਸਿਲ ਚੁੱਕੀ ਅਤੇ ਉਸ ਉਤੇ 'ਰਾਮ' ਲਿਖ ਕੇ ਉਸਨੂੰ ਗੰਗਾ ਜੀ ਦੀ ਜਲ-ਧਾਰਾ ਵਿਚ ਛੱਡ ਦਿੱਤਾ। ਲੋਕਾਂ ਨੇ ਬੜੇ ਹੀ ਹੈਰਾਨੀ ਭਰੇ ਲਹਿਜੇ ਵਿਚ ਦੇਖਿਆ ਕਿ ਸਿਲ ਸੱਚਮੁਚ ਹੀ ਜਲ ਦੀ ਧਾਰ ਦੇ ਉਪਰ ਉਪਰ ਤਰ ਰਹੀ ਹੈ।

ਉਪਰ ਲਿਖੀਆਂ ਘਟਨਾਵਾਂ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਵਾਪਰੀਆਂ ਹੋਣਗੀਆਂ। ਗੁਰੂ ਰਵਿਦਾਸ ਜੀ ਦੇ ਇਕ ਪਦ ਦੀਆਂ ਨਿਮਨ ਲਿਖਤ ਪੰਕਤੀਆਂ ਇਸ ਵੱਲ ਸਾਫ਼ ਸੰਕੇਤ ਕਰਦੀਆਂ ਹਨ:

ਬਾਪੁਰਾ ਸਤ ਰਵਿਦਾਸ ਕਹੈਂ ਰੇ।
ਗਯਾਨ ਵਿਚਾਰਿ ਚਰਨ ਚਿਤ ਲਾਵੈ, ਹਰਿ ਕੋ ਸਰਨਿ ਰਹੈ ਰੇ।
ਪਾਤੀ ਤੋੜੈ ਪੂਜਿ ਰਚਾਵੈਂ, ਤਾਰਨ ਤਰਨ ਕਹੈਂ ਰੇ।
ਮੂਰਤਿ ਮਾਂਹਿ ਬਸੈ ਪਰਮੇਸਰ, ਤੋਂ ਪਾਨੀ ਮਾਹਿ ਤਿਰੈਰੇ।
ਝੂਠੀ ਮਾਯਾ ਜਗ ਡਹਕਾਯਾ, ਤੀਨਿ ਤਾਪ ਦਹੈ ਰੇ।
ਕਹੈ 'ਰਵਿਦਾਸ' ਰਾਮ ਜਪਿ ਰਸਨਾ, ਮਾਇਆ ਕੈਸੇ ਸੰਗ ਰਹੇ ਰੇ॥

ਗੁਰੂ ਰਵਿਦਾਸ ਜੀ ਦੇ ਉਪਦੇਸ਼ ਸੁਣਨ ਲਈ ਕਾਸ਼ੀ ਦੇ ਸਭ ਵਰਗਾਂ ਦੇ ਲੋਕ ਆਉਂਦੇ ਸਨ, ਇਨ੍ਹਾਂ ਵਿਚ ਆਮ ਜਨਤਾ ਦੇ ਲੋਕ ਹੀ ਨਹੀਂ ਧਨੀ ਲੋਕ ਵੀ ਹੁੰਦੇ ਸਨ। ਉਹ ਸ਼ਰਧਾ ਭਗਤੀ ਭਾਵ ਨਾਲ ਰਵਿਦਾਸ ਜੀ ਦੀ ਬਾਣੀ ਸੁਣਦੇ ਅਤੇ ਉਨ੍ਹਾਂ ਦੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਖ਼ਾਸ ਕਰਕੇ ਜ਼ਾਤ ਪਾਤ ਵਿਰੋਧੀ ਵਿਚਾਰਾਂ ਨੂੰ ਆਪਣੇ ਜੀਵਨ ਵਿਚ ਅਪਣਾ ਕੇ ਉਨ੍ਹਾਂ ਨੂੰ ਵਿਵਹਾਰਕ ਰੂਪ ਵੀ ਦਿੰਦੇ ਸਨ। ਕੁਝ ਲੋਕ ਇਹੋ ਜਿਹੇ ਵੀ ਸਨ ਜੋ ਉਨ੍ਹਾਂ ਦੇ ਉਪਦੇਸ਼ਾਂ ਤੋਂ ਸ਼ਾਂਤੀ ਅਤੇ ਤ੍ਰਿਪਤੀ ਪ੍ਰਾਪਤ ਕਰਨ ਦੇ ਚਾਹਵਾਨ ਸਨ ਅਤੇ ਇਸੇ ਆਸ਼ੇ ਨੂੰ ਮੁਖ ਰਖ ਕੇ ਸ਼ਰਧਾ ਭਾਵ ਨਾਲ ਸੰਗਤ ਵਿਚ ਆ ਕੇ ਬੈਠਦੇ ਵੀ ਸਨ। ਪਰੰਤੂ ਇਹ ਲੋਕ ਸਮਾਜਿਕ ਸੰਸਕਾਰਾਂ ਕਰਕੇ ਉਨ੍ਹਾਂ ਦੇ ਜ਼ਾਤ ਪਾਤ ਵਿਰੋਧੀ ਵਿਚਾਰਾਂ ਨੂੰ ਅਪਣਾਉਣ ਤੋਂ ਸੰਕੋਚ ਕਰਦੇ ਸਨ।

ਇਕ ਵਾਰ ਇਸ ਤਰ੍ਹਾਂ ਦੇ ਤੰਗ ਵਿਚਾਰਾਂ ਵਾਲਾ ਇਕ ਸੇਠ ਰਵਿਦਾਸ ਦਾ ਪ੍ਰਵਚਨ ਸੁਣਨ ਲਈ ਸਤਿਸੰਗ ਵਿਚ ਆਇਆ। ਸਤਿਸੰਗ ਦੀ ਸਮਾਪਤੀ ਤੇ ਜਦੋਂ ਭਗਵਾਨ ਦਾ ਪ੍ਰਸਾਦ ਵੰਡਿਆ ਗਿਆ ਤਾਂ ਉਸਨੇ ਪ੍ਰਸਾਦ ਲੈ ਤਾਂ ਲਿਆ ਪਰ 'ਚਮਾਰ ਦੇ ਹੱਥ ਲੱਗੇ' ਜਾਣ ਕੇ ਭਗਵਾਨ ਦਾ ਪ੍ਰਸਾਦ ਨਫ਼ਰਤ ਨਾਲ ਸਭ ਤੋਂ ਅੱਖ ਬਚਾ ਕੇ ਇਕ ਪਾਸੇ ਸੁੱਟ ਦਿੱਤਾ। ਕਿਹਾ ਜਾਂਦਾ ਹੈ ਕਿ ਭਗਵਾਨ ਦੇ ਪ੍ਰਸਾਦ ਦੀ ਬੇਪਤੀ ਕਰਨ ਸਦਕਾ ਦਿਨਾਂ ਵਿਚ ਹੀ ਸੇਠ ਨੂੰ ਕੋਹੜ ਹੋ ਗਿਆ। ਅਨੇਕ ਇਲਾਜ ਕਰਨ ਦੇ ਬਾਵਜੂਦ ਵੀ ਜਦ ਉਸਨੂੰ ਆਰਾਮ ਨਾ ਆਇਆ ਤਾਂ ਅੰਤ ਵਿਚ ਗੁਰੂ ਰਵਿਦਾਸ ਜੀ ਦੀ ਸ਼ਰਨ ਵਿਚ ਆਇਆ ਅਤੇ ਸੱਚੀ ਸੱਚੀ ਗੱਲ ਦੱਸ ਦਿੱਤੀ ਤੇ ਖਿਮਾ ਮੰਗ ਲਈ। ਸਭ ਦਾ ਹਿੱਤ ਚਾਹੁਣ ਵਾਲੇ ਅਤੇ ਪਰਮ ਦਿਆਲੂ ਸੰਤ ਗੁਰੂ ਰਵਿਦਾਸ ਜੀ ਨੇ ਉਸ ਸੇਠ ਲਈ ਪ੍ਰਭੂ ਨੂੰ ਪ੍ਰਾਰਥਨਾ ਕੀਤੀ। ਇਸ ਤਰ੍ਹਾਂ ਉਨ੍ਹਾਂ ਦੇ ਆਸ਼ੀਰਵਾਦ ਨਾਲ ਸੇਠ ਦਾ ਕੋਹੜ ਦੂਰ ਹੋ ਗਿਆ ਅਤੇ ਨਾਲ ਹੀ ਉਸਦਾ ਘ੍ਰਿਣਾ ਭਾਵ ਵੀ ਖ਼ਤਮ ਹੋ ਗਿਆ।

ਗੁਰੂ ਰਵਿਦਾਸ ਜੀ ਦੀ ਕਰਨੀ ਅਤੇ ਕਥਨੀ ਵਿਚ ਜ਼ਰਾ ਵੀ ਫ਼ਰਕ ਨਹੀਂ ਸੀ। ਉਹ ਜੋ ਕੁਝ ਮੂੰਹੋਂ ਕਹਿੰਦੇ ਉਹ ਅਮਲ ਵਿਚ ਵੀ ਲਿਆਉਂਦੇ। ਇਹ ਉਨ੍ਹਾਂ ਦੇ ਜੀਵਨ ਦੀ ਸਭ ਤੋਂ ਵੱਡੀ ਖ਼ੂਬੀ ਸੀ। ਰਵਿਦਾਸ ਜੀ ਕਿਰਤ ਸਾਧਨਾ ਦੇ ਬਹੁਤ ਹੱਕ ਵਿਚ ਸਨ। ਉਹ ਮਿਹਨਤ ਕਰਕੇ ਖਾਣ ਦੇ ਹੱਕ ਵਿਚ ਸਨ। ਉਹਨਾਂ ਦਾ ਵਿਚਾਰ ਸੀ ਕਿ ਜਦੋਂ ਤੱਕ ਆਪਣੇ ਵਿਚ ਕੰਮ ਕਰਨ ਦੀ ਸ਼ਕਤੀ ਹੈ ਉਦੋਂ ਤੱਕ ਮਿਹਨਤ ਨਾਲ ਨੇਕ ਕਮਾਈ ਕਰਕੇ ਜੀਵਨ ਨਿਰਬਾਹ ਕਰਦੇ ਰਹਿਣਾ ਚਾਹੀਦਾ ਹੈ। ਉਹ ਮਿਹਨਤ ਨੂੰ ਰੱਬ ਦਾ ਨਾਮ ਦਿੰਦੇ ਸਨ ਅਤੇ ਸਾਧਨਾ ਨੂੰ ਸੁੱਖ ਸ਼ਾਂਤੀ ਦਾ ਮੂਲ ਅਤੇ ਪਰਮ ਪਦ ਪ੍ਰਾਪਤੀ ਦੀ ਕੁੰਜੀ ਸਮਝਦੇ ਸਨ। ਆਪਣੀ ਇਸ ਵਿਚਾਰਧਾਰਾ ਦੇ ਅਨੁਸਾਰ ਹੀ ਉਹ ਕਹਿੰਦੇ ਹਨ :

'ਰਵਿਦਾਸ' ਹੌਂ ਨਿਜ ਹੱਥਹਿੰ, ਰਾਖੌਂ ਰਾਂਬੀ ਆਰ।
ਸੁਕਿਰਿਤ ਹੀ ਮਮ ਧਰਮ ਹੈ, ਤਾਰੇਗਾ ਭਵ ਪਾਰ॥

ਰਵਿਦਾਸ ਜੀ ਨੇ ਸਿੱਧ ਅਵਸਥਾ ਦੀ ਸਭ ਤੋਂ ਉਚੇਰੀ ਅਵਸਥਾ ਪਰਾ ਭਗਤੀ ਨੂੰ ਪ੍ਰਾਪਤ ਕਰਕੇ ਵੀ ਦਸਾਂ ਨੌਹਾਂ ਦੀ ਕਿਰਤ ਕਰਨੀ ਨਹੀਂ ਛੱਡੀ। ਉਹ ਆਪਣੀ ਝੁੱਗੀ ਦੇ ਵਿਹੜੇ ਵਿਚ ਬਹਿ ਕੇ ਲੋਕਾਂ ਦੀਆਂ ਜੁੱਤੀਆਂ ਗੰਢਦੇ ਰਹਿੰਦੇ ਤੇ ਨਾਲ ਹੀ ਪ੍ਰਭੂ ਕੀਰਤਨ ਵਿਚ ਲੱਗੇ ਰਹਿੰਦੇ। ਰਵਿਦਾਸ ਜੀ ਦੀ ਸਤਿਸੰਗ ਦੀ ਇਸ ਪੱਧਤੀ ਨੇ ਜਿਥੇ ਲੋਕਾਂ ਨੂੰ ਸਤਿਸੰਗ ਵੱਲ ਖਿਚਿਆ ਉਥੇ ਕਿਰਤ ਕਰਨ ਦਾ ਮਾਣ ਤੇ ਸਨਮਾਨ ਵੀ ਵਧਾਇਆ।

ਇਕ ਹੋਰ ਕਥਾ ਪ੍ਰਸਿੱਧ ਹੈ ਕਿ ਐਸੇ ਹੀ ਸਮੇਂ ਇਕ ਵਾਰ ਇਕ ਬ੍ਰਾਹਮਣ ਕਿਸੇ ਪੁਰਬ ਉਤੇ ਗੰਗਾ ਇਸ਼ਨਾਨ ਕਰਨ ਜਾਂਦੇ ਹੋਏ ਆਪਣੀ ਟੁੱਟੀ ਜੁੱਤੀ ਗੰਢਵਾਉਣ ਰਵਿਦਾਸ ਜੀ ਕੋਲ ਆਇਆ। ਜੁੱਤੀ ਗੰਢਵਾਉਣ ਦੇ ਮਿਹਨਤਾਨੇ ਵਜੋਂ ਉਸਨੇ

ਰਵਿਦਾਸ ਜੀ ਨੂੰ ਇਕ ਦਮੜੀ (ਕੌਡੀ) ਦਿੱਤੀ ਅਤੇ ਕਹਿਣ ਲੱਗਾ, ਭਗਤ ਜੀ, ਚਲੋ ਗੰਗਾ ਇਸ਼ਨਾਨ ਕਰਕੇ ਇਸ ਪੁਰਬ ਦਾ ਪੁੰਨ ਖੱਟੀਏ। ਰਵਿਦਾਸ ਜੀ ਨੇ ਮੁਸਕਰਾਉਂਦੇ ਹੋਏ ਕਿਹਾ, 'ਦੇਵਤਾ, ਮੈਂ ਤਾਂ ਗੰਗਾ ਮਾਈ ਦੇ ਨਿੱਤ ਹੀ ਦਰਸ਼ਨ ਕਰਦਾ ਹਾਂ ਅਤੇ ਘਰ ਬੈਠੇ ਹੀ ਗੰਗਾ ਇਸ਼ਨਾਨ ਦਾ ਪੁੰਨ ਖੱਟ ਲੈਂਦਾ ਹਾਂ। ਮੈਂ ਤਾਂ ਇਹ ਵੀ ਮੰਨਦਾ ਹਾਂ ਕਿ 'ਮਨ ਚੰਗਾ ਤਾਂ ਕਠੌਤੀ 'ਚ ਗੰਗਾ'। ਪ੍ਰੰਤੂ ਪੰਡਤ ਜੀ! ਫਿਰ ਵੀ ਮੇਰੇ ਵਲੋਂ ਇਹ ਦਮੜੀ ਗੰਗਾ ਮਾਈ ਨੂੰ ਭੇਟ ਕਰ ਦੇਣਾ।' ਬ੍ਰਾਹਮਣ ਨੇ ਜਦੋਂ ਗੰਗਾ ਮਈਆ ਨੂੰ ਰਵਿਦਾਸ ਦੀ ਭੇਟਾ ਭੇਂਟ ਕੀਤੀ ਤਾਂ ਗੰਗਾ ਮਾਤਾ ਨੇ ਹੱਥ ਪਸਾਰ ਕੇ ਇਹ ਭੇਟਾ ਸਵੀਕਾਰ ਕੀਤੀ। ਨਾਲ ਹੀ ਇਕ ਵੱਡਮੁਲਾ ਰਤਨ ਜੜਿਆ ਸੋਨੇ ਦਾ ਕੰਗਣ ਦਿੰਦੇ ਹੋਏ ਕਿਹਾ 'ਇਹ ਕੰਗਣ ਭੇਂਟ ਦੀ ਪ੍ਰਵਾਨਗੀ ਦੇ ਚਿੰਨ੍ਹ ਵਜੋਂ ਰਵਿਦਾਸ ਨੂੰ ਦੇਣਾ'।

ਬ੍ਰਾਹਮਣ ਇਹ ਸਭ ਕੁਝ ਦੇਖ ਕੇ ਬਹੁਤ ਹੈਰਾਨ ਪਰੇਸ਼ਾਨ ਹੋਇਆ, ਪ੍ਰੰਤੂ ਉਸਦਾ ਮਨ ਬੇਈਮਾਨ ਹੋ ਗਿਆ। ਬ੍ਰਾਹਮਣ ਨੇ ਮੁੜ ਕੇ ਉਹ ਕੰਗਣ ਰਵਿਦਾਸ ਜੀ ਨੂੰ ਨਾ ਦੇ ਕੇ ਬਾਜ਼ਾਰ ਵਿਚ ਜਾ ਕੇ ਬਾਣੀਏ ਦੀ ਦੁਕਾਨ ਤੇ ਵੇਚ ਦਿੱਤਾ। ਇਸ ਅਦਭੁਤ ਕੰਗਣ ਦੀ ਗੱਲ ਰਾਜੇ ਤੱਕ ਪੁੱਜ ਗਈ। ਰਾਜੇ ਨੇ ਉਹ ਕੰਗਣ ਮੰਗਵਾਇਆ ਤਾਂ ਉਸਦੀ ਅਲੌਕਿਕਤਾ ਨੂੰ ਉਹ ਦੇਖਦਾ ਹੀ ਰਹਿ ਗਿਆ ਅਤੇ ਉਸਨੇ ਆਪਣੀ ਰਾਣੀ ਨੂੰ ਉਹ ਕੰਗਣ ਦਿਖਾਇਆ। ਰਾਣੀ ਨੇ ਅਨੁਪਮ ਕੰਗਣ ਨੂੰ ਪਹਿਨ ਲਿਆ ਅਤੇ ਫੁੱਲ ਵਾਂਗ ਖਿੜ ਕੇ ਉਹੋ ਜਿਹੇ ਦੂਜੇ ਕੰਗਣ ਲਈ ਹਠ ਕੀਤਾ। ਰਾਜਾ ਨੇ ਕੰਗਣ ਵੇਚਣ ਵਾਲੇ ਬ੍ਰਾਹਮਣ ਨੂੰ ਦਰਬਾਰ ਵਿਚ ਬੁਲਾਇਆ ਤਾਂ ਉਸਨੇ ਡਰ ਕੇ ਜੜਾਊ ਕੰਗਣ ਪ੍ਰਾਪਤ ਕਰਨ ਦੀ ਸਾਰੀ ਘਟਨਾ ਸੁਣਾ ਦਿੱਤੀ। ਫੇਰ ਰਾਜਾ ਬ੍ਰਾਹਮਣ ਨੂੰ ਲੈ ਕੇ ਗੁਰੂ ਰਵਿਦਾਸ ਜੀ ਦੀ ਸ਼ਰਨ ਵਿਚ ਪੁੱਜਾ ਅਤੇ ਬੇਨਤੀ ਭਰੇ ਸੁਰ ਵਿਚ ਰਾਣੀ ਦੇ ਹਠ ਦੀ ਗੱਲ ਦੱਸ ਕੇ ਉਹੋ ਜਿਹਾ ਦੂਜਾ ਕੰਗਣ ਪ੍ਰਦਾਨ ਕਰਨ ਦੀ ਅਰਜ਼ੋਈ ਕਰਨ ਲੱਗਾ। ਬ੍ਰਾਹਮਣ ਦੇਵਤਾ ਵੀ ਗਿੜਗਿੜਾ ਕੇ ਮੁਆਫ਼ੀਆਂ ਮੰਗਣ ਲੱਗਾ। ਰਵਿਦਾਸ ਜੀ ਰਾਜੇ ਤੋਂ ਸਾਰੀ ਘਟਨਾ ਸੁਣਦੇ ਹੋਏ ਮੁਸਕਰਾਉਂਦੇ ਰਹੇ। ਉਨ੍ਹਾਂ ਨੇ ਇਸ ਮੁਸਕਰਾਹਟ ਵਿਚ ਹੀ ਇਕ ਵਾਰ ਬ੍ਰਾਹਮਣ ਵੱਲ ਖਿਮਾ ਭਰੀ ਨਜ਼ਰ ਨਾਲ ਤੱਕਿਆ ਅਤੇ ਅੰਤਰ-ਧਿਆਨ ਹੋ ਗਏ। ਅਖ਼ੀਰ ਵਿਚ ਉਨ੍ਹਾਂ ਨੇ ਚਮੜਾ ਭਿਉਣ ਵਾਲੀ ਕਠੌਤੀ (ਕੂੰਡੀ) ਵਿਚ ਹੱਥ ਪਾਇਆ ਅਤੇ ਠੀਕ ਉਹੋ ਜਿਹਾ ਹੀ ਵੱਡਮੁਲਾ ਰਤਨ ਜੜਿਆ ਕੰਗਣ ਕੱਢ ਕੇ ਰਾਜਾ ਨੂੰ ਭੇਂਟ ਕਰ ਦਿੱਤਾ। ਸਭ ਨੇ ਦੇਖਿਆ ਕਿ ਕੰਗਣ ਤੇ ਰੇਤੇ ਦੇ ਕਣ ਲੱਗੇ ਹੋਏ ਹਨ ਜਿਵੇਂ ਉਹ ਗੰਗਾ ਨਦੀ ਵਿਚੋਂ ਕੱਢਿਆ ਗਿਆ ਹੋਵੇ। ਉਥੇ ਹਾਜ਼ਰ ਸਾਰੇ ਲੋਕ ਰਵਿਦਾਸ ਜੀ ਦੀ ਜੈ ਜੈਕਾਰ ਕਰਨ ਲੱਗੇ।

ਰਵਿਦਾਸ ਜੀ ਦੇ ਜੀਵਨ ਵਿਚ ਇਹੋ ਜਿਹੀਆਂ ਅਦਭੁਤ ਘਟਨਾਵਾਂ ਲਗਾਤਾਰ ਵਾਪਰਦੀਆਂ ਰਹੀਆਂ। ਇਨ੍ਹਾਂ ਕਾਰਣ ਉਨ੍ਹਾਂ ਦੀ ਜਸ-ਕੀਰਤੀ ਉਪਰੋਥਲੀ ਵਧਦੀ ਹੀ ਚਲੀ ਗਈ। ਇਸ ਤੋਂ ਪ੍ਰਭਾਵਿਤ ਹੋ ਕੇ ਭਾਰਤ ਦੇ ਸਾਰੇ ਪ੍ਰਦੇਸ਼ਾਂ ਦੇ ਸਾਧੂ-ਸੰਤ ਅਤੇ

ਗ੍ਰਿਹਸਤੀ ਸ਼ਰਧਾਲੂ, ਭਗਤ-ਜਨ ਉਨ੍ਹਾਂ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਦੇ ਉਪਦੇਸ਼ ਰੂਪੀ ਅੰਮ੍ਰਿਤ ਦਾ ਪਾਨ ਕਰਨ ਲਈ ਆਉਂਦੇ। ਇਸ ਮੌਕੇ ਤੇ ਉਹ ਇਨ੍ਹਾਂ ਨੂੰ ਆਪਣੇ ਆਪਣੇ ਪ੍ਰਦੇਸ਼ਾਂ ਵਿਚ ਜਾਣ ਦੀ ਫ਼ਰਮਾਇਸ਼ ਕਰਦੇ ਅਤੇ ਸੱਦਾ ਪੱਤਰ ਦਿੰਦੇ। ਗੁਰੂ ਰਵਿਦਾਸ ਜੀ ਆਪਣੇ ਸ਼ਿਸ਼ਾਂ ਤੇ ਸ਼ਰਧਾਲੂਆਂ ਦੀ ਪ੍ਰਾਰਥਨਾ ਅਤੇ ਫ਼ਰਮਾਇਸ਼ ਉਤੇ ਸਮੇਂ ਸਮੇਂ ਤੇ ਉਨ੍ਹਾਂ ਪ੍ਰਦੇਸ਼ਾਂ ਦੀ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਯਾਤਰਾ ਕਰਦੇ।

ਆਪਣੀ ਚੇਲੀ ਝਾਲੀ ਰਾਣੀ ਰਤਨ ਕੁੰਵਰੀ ਦੇ ਸੱਦੇ ਪੱਤਰ ਉੱਤੇ ਗੁਰੂ ਰਵਿਦਾਸ ਜੀ ਚਿਤੌੜ ਦੀ ਯਾਤਰਾ ਤੇ ਗਏ। ਇਸ ਸਮੇਂ ਦੀ ਇਕ ਖ਼ਾਸ ਘਟਨਾ ਦਾ ਵਰਣਨ ਕਰਦੇ ਹੋਏ ਪ੍ਰਿਯਾਦਾਸ ਜੀ ਲਿਖਦੇ ਹਨ :

ਗਈ ਘਰ ਝਾਲੀ ਪੁਨਿ ਬੋਲਿ ਕੇ ਪਠਾਯੋ ਅਹੋ,
ਜੈਸੇ ਪ੍ਰਤਿਪਾਲੀ ਅਬ ਤੈਸੇ ਪ੍ਰਤਿਪਾਰਿਯੇ।
ਆਪਹੁ ਪਧਾਰੇ ਉਨ ਬਹੁ ਧਨ ਪਟ ਵਾਰੇ,
ਬਿਪ੍ਰ ਸੁਨਿ ਪਾਂਵਧਾਰੇ, ਸੀਧੋ ਦੈ ਨਿਵਾਰਿਯੇ।
ਕਰਿਕੇ ਰਸੋਈ ਦ੍ਵਿਜ ਭੋਜਨ ਕਰਨ ਬੈਠੇ,
ਦ੍ਵੈ ਦ੍ਵੈ ਮਧਿ ਏਕ ਯੋਂ ਰਵਿਦਾਸ ਕੋ ਨਿਹਾਰਿਯੇ।
ਦੇਖਿ ਭਈ ਆਂਖੈ ਦੀਨ ਭਾਖੈਂ ਸਿਖ ਲਾਖੈ ਭਯੇ,
ਸਵਰਨ ਕੋ ਜਨੇਉ ਕਾਢਿਓ ਤ੍ਵਚਾ ਕੀਨੀ ਨਿਆਰੀਯੇ।

ਰਾਣੀ ਝਾਲੀ ਦੇ ਸੱਦੇ ਉੱਤੇ ਗੁਰੂ ਰਵਿਦਾਸ ਜੀ ਜਦੋਂ ਚਿਤੌੜ ਗਏ ਤਾਂ ਰਾਣੀ ਵਲੋਂ ਉਨ੍ਹਾਂ ਦਾ ਬੜਾ ਮਾਣ ਸਤਿਕਾਰ ਕੀਤਾ ਗਿਆ। ਉਨ੍ਹਾਂ ਦੇ ਆਉਣ ਦੀ ਖ਼ੁਸ਼ੀ ਵਿਚ ਇਕ ਬੜੇ ਵੱਡੇ ਖਾਣੇ ਦਾ ਪ੍ਰਬੰਧ ਕੀਤਾ ਗਿਆ। ਪ੍ਰੰਤੂ ਬ੍ਰਾਹਮਣਾਂ ਨੇ ਚਮਾਰ ਨਾਲ ਪੰਗਤ ਵਿਚ ਬੈਠ ਕੇ ਭੋਜਨ ਕਰਨ ਤੋਂ ਨਾਂਹ ਕਰ ਦਿੱਤੀ। ਇਸ ਲਈ ਉਨ੍ਹਾਂ ਨੂੰ ਕੱਚਾ 'ਸੀਧਾ' (ਰਾਸ਼ਨ) ਦੇ ਦਿੱਤਾ ਗਿਆ। ਜਦੋਂ ਬ੍ਰਾਹਮਣ ਲੋਕ ਪੰਗਤਾਂ ਵਿਚ ਬੈਠ ਕੇ ਭੋਜਨ ਕਰਨ ਲੱਗੇ ਤਾਂ ਹਰੇਕ ਦੋ ਬ੍ਰਾਹਮਣਾਂ ਵਿਚਕਾਰ ਇਕ ਇਕ ਰਵਿਦਾਸ ਨਜ਼ਰ ਆਵੇ। ਗੁਰੂ ਰਵਿਦਾਸ ਦਾ ਇਹ ਅਲੌਕਿਕ ਰੂਪ ਦੇਖ ਕੇ ਤਾਂ ਪੰਡਤ ਹੈਰਾਨ ਰਹਿ ਗਏ। ਇਥੇ ਹੀ ਬੱਸ ਨਹੀਂ ਰਵਿਦਾਸ ਨੇ ਆਪਣੀ ਛਾਤੀ ਤੋਂ ਚਮੜੀ ਫਾੜ ਕੇ ਬ੍ਰਾਹਮਣਾਂ ਨੂੰ ਜਨੇਉ ਦਿਖਾਇਆ ਅਤੇ ਇਸ ਤਰ੍ਹਾਂ ਸੱਚੇ ਅਰਥਾਂ ਵਿਚ ਆਪਣੇ ਸੱਚੇ ਬ੍ਰਾਹਮਣ ਹੋਣ ਦਾ ਸਬੂਤ ਦਿੱਤਾ। ਇਸ ਅਲੌਕਿਕ ਨਜ਼ਾਰੇ ਨੂੰ ਦੇਖ ਕੇ ਲੱਖਾਂ ਹੋਰ ਲੋਕ ਉਨ੍ਹਾਂ ਦੇ ਚੇਲੇ ਬਣ ਗਏ।

ਸੰਤ ਚਰਨਦਾਸ (ਜਨਮ 1760 ਵਿਕ੍ਰਮੀ) ਦੇ ਪੜਚੇਲੇ ਸੰਤ ਨਿਤਯਾਨੰਦ ਨੇ ਆਪਣੇ ਭਗਤਮਾਲ' ਦੇ ਅੰਤਰਗਤ 'ਸ੍ਰੀ ਰਵਿਦਾਸ ਕਥਾ' ਵਿਚ ਲਿਖਿਆ ਹੈ :

ਦ੍ਰਾਵਿੜ ਦੇਸ ਭੂਪ ਕੀ ਰਾਨੀ, ਸੁਨਿ ਰਵਿਦਾਸ ਭਗਤਿ ਗੁਨ ਖਾਨੀ ।
ਚੇਲੀ ਭਈ ਤਾਸੁ ਢਿਗ ਆਈ, ਦੈ ਰਵਿਦਾਸ ਭਗਤਿ ਸਮੁਝਾਈ ॥

ਅਤੇ ਇਸ ਦ੍ਰਾਵਿੜ ਦੇਸ਼ ਦੇ ਰਾਜੇ ਦੀ ਆਪਣੀ ਰਾਣੀ ਚੇਲੀ ਦੇ ਸੱਦੇ ਉਤੇ ਹੀ ਰਵਿਦਾਸ ਜੀ ਦੇ ਆਉਣ ਤੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ ।

ਇਹ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਹ ਦ੍ਰਾਵਿੜ ਦੇਸ਼ ਦੇ ਰਾਜਾ ਦੀ ਰਾਣੀ ਚੇਲੀ ਚਿਤੌੜ ਦੇ ਰਾਜੇ ਦੀ ਰਾਣੀ ਝਾਲੀ ਤੋਂ ਭਿੰਨ ਹੈ ਜਾਂ ਇਕੋ ਹੈ । ਪਰ ਫਿਰ ਵੀ ਐਨਾ ਤਾਂ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਦੱਖਣ ਦੇ ਕਿਸੇ ਰਾਜੇ ਦੀ ਰਾਣੀ ਰਵਿਦਾਸ ਜੀ ਦੀ ਪ੍ਰਸਿੱਧੀ ਤੇ ਪ੍ਰਸੰਸਾ ਸੁਣ ਕੇ ਕਾਸ਼ੀ ਆ ਕੇ ਉਨ੍ਹਾਂ ਦੀ ਚੇਲੀ ਬਣੀ ਹੋਵੇ । ਦੱਖਣ ਹੈਦਰਾਬਾਦ ਦੇ ਜ਼ਿਲੇ ਔਰੰਗਾਬਾਦ ਦੇ ਏਲੋਰਾ ਸਥਾਨ ਉੱਤੇ 'ਰਵਿਦਾਸ ਕੁੰਡ' ਤੇ ਤਿਰੂਪਤੀ (ਆਂਧਰਾ ਪ੍ਰਦੇਸ਼) ਵਿਚ ਬਾਲਾ ਜੀ ਪਰਬਤ ਦੇ ਹੇਠਾਂ ਬੈਕੁੰਠ ਕੋਲ ਤੀਰਥ ਅਸਥਾਨ ਉੱਤੇ ਰਵਿਦਾਸ ਜੀ ਦੀ 'ਗੱਦੀ' ਜਾਂ 'ਸਮਾਧੀ' ਦੀਆਂ ਨਿਸ਼ਾਨੀਆਂ ਮਿਲਦੀਆਂ ਹਨ । ਇਨ੍ਹਾਂ ਯਾਦਗਾਰਾਂ ਦੇ ਨਾਲ ਜੇਕਰ ਸੰਤ ਨਿਤਯਾਨੰਦ ਜੀ ਦੇ ਕਥਨ ਨੂੰ ਜੋੜਿਆ ਜਾਵੇ ਤਾਂ ਸ਼ਾਇਦ ਕਿਸੇ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ।

ਗੁਰੂ ਰਵਿਦਾਸ ਜੀ ਦੀ ਮਹਾਨ ਸ਼ਖਸੀਅਤ, ਉੱਦਾਤ (ਉਚੇਰੇ) ਵਿਚਾਰ ਤੇ ਭਗਤੀ ਸਾਧਨਾ ਤੋਂ ਤਤਕਾਲੀਨ ਜਨ-ਸਮੂਹ ਹੀ ਪ੍ਰਭਾਵਿਤ ਨਹੀਂ ਸੀ ਹੋਇਆ ਸਗੋਂ ਕਬੀਰ, ਸੇਨ, ਧੰਨਾ, ਨਾਨਕ ਆਦਿ ਪ੍ਰਸਿੱਧ ਸੰਤ ਸਾਧਕ ਵੀ ਬੜੇ ਪ੍ਰਭਾਵਿਤ ਅਤੇ ਅਚੰਭਿਤ ਸਨ । ਇਨ੍ਹਾਂ ਸੰਤ ਭਗਤਾਂ ਨੇ ਮੁਖਰ ਹੋ ਕੇ ਗੁਰੂ ਰਵਿਦਾਸ ਜੀ ਦੀ ਜਸ-ਕੀਰਤੀ ਗਾਈ ਹੈ । ਇਨ੍ਹਾਂ ਦੀ ਆਪਸੀ ਭੇਂਟ, ਵਿਚਾਰਾਂ ਦੇ ਆਦਾਨ-ਪ੍ਰਦਾਨ, ਸਤਿਸੰਗ-ਪ੍ਰਵਚਨ ਸਮੇਂ-ਸਮੇਂ ਤੇ ਹੁੰਦੇ ਹੀ ਰਹਿੰਦੇ ਸਨ । ਮੀਰਾ ਤਾਂ ਰਵਿਦਾਸ ਜੀ ਦੀ ਚੇਲੀ ਹੀ ਸੀ । ਮੀਰਾ ਨੇ ਉਨ੍ਹਾਂ ਦਾ 'ਗੁਰੂ' ਦੇ ਰੂਪ ਵਿਚ ਵਾਰ-ਵਾਰ ਸਿਮਰਨ ਕੀਤਾ ਹੈ ।

ਸੰਤ ਕਬੀਰ ਆਪਣੇ ਜੀਵਨ ਕਾਲ ਵਿਚ ਹੀ ਗੁਰੂ ਰਵਿਦਾਸ ਜੀ ਦੀ ਤਰ੍ਹਾਂ ਬਹੁਤ ਪ੍ਰਸਿੱਧ ਤੇ ਨਾਮਣਾ ਖੱਟ ਚੁੱਕੇ ਸਨ । ਉਨ੍ਹਾਂ ਦਾ ਜਸ ਦੂਰ-ਦੂਰ ਤੱਕ ਫੈਲਿਆ ਹੋਇਆ ਸੀ । ਸੈਂਕੜੇ ਨਹੀਂ ਹਜ਼ਾਰਾਂ ਤੇ ਲੱਖਾਂ ਦੀ ਗਿਣਤੀ ਵਿਚ ਹਿੰਦੂ ਤੇ ਮੁਸਲਮਾਨ ਉਨ੍ਹਾਂ ਦੇ ਸ਼ਿਸ਼ ਤੇ ਸ਼ਰਧਾਲੂ ਸਨ । ਗੁਰੂ ਰਵਿਦਾਸ ਜੀ ਨੇ ਆਪਣੀ ਪਵਿੱਤਰ ਬਾਣੀ ਵਿਚ ਕਬੀਰ ਦਾ ਨਾਮ ਇਕ ਪੁੱਜੇ ਹੋਏ ਪ੍ਰਸਿੱਧ ਸੰਤ ਦੇ ਰੂਪ ਵਿਚ ਕਈ ਵਾਰ ਸਿਮਰਿਆ ਹੈ :

1. ਤਿਹੂ ਰੇ ਲੋਕ ਪਰਸਿੱਧ **ਕਬੀਰਾ**
2. ਨਾਮਦੇਵ **ਕਬੀਰੁ** ਤਿਲੋਚਨੁ ਸਾਧਨਾ ਸੈਨੁ ਤਰੇ ॥

3. ਹਰਿ ਕੇ ਨਾਮ **ਕਬੀਰ** ਉਜਾਗਰ ।
ਜਨਮ-ਜਨਮ ਕੇ ਕਾਟੇ ਕਾਗਰ ।
4. ਨਿਰਗੁਨ ਕੋ ਗੁਨ ਦੇਖੋ ਆਈ ।
ਦੇਹੀ ਸਹਿਤ **ਕਬੀਰ** ਸਿਧਾਈ ।

ਸੰਤ ਕਬੀਰ ਦੇ ਜੋਤੀ ਜੋਤ ਸਮਾਉਣ ਉੱਤੇ ਉਨ੍ਹਾਂ ਦੇ ਹਿੰਦੂ-ਮੁਸਲਿਮ ਸੇਵਕਾਂ ਵਿਚ ਅੰਤਿਮ ਸੰਸਕਾਰ ਕਰਨ ਦੇ ਸਵਾਲ ਤੇ ਝਗੜਾ ਹੋ ਗਿਆ ਪਰ ਦੰਦ ਕਥਾ ਹੈ ਕਿ ਉਨ੍ਹਾਂ ਨੂੰ ਕਬੀਰ ਜੀ ਦੀ ਮ੍ਰਿਤਕ ਦੇਹ ਦੇ ਸਥਾਨ ਤੇ ਕੇਵਲ ਫੁੱਲ ਹੀ ਪ੍ਰਾਪਤ ਹੋਏ । ਅੰਤਿਮ ਪੰਗਤੀ ਇਸ ਵੱਲ ਹੀ ਇਸ਼ਾਰਾ ਕਰਦੀ ਹੈ । ਉਪਰਲਿਆਂ ਸੰਕੇਤਾਂ ਤੋਂ ਇਹੋ ਸਪਸ਼ਟ ਹੁੰਦਾ ਹੈ ਕਿ ਕਬੀਰ ਦਾਸ ਅਤੇ ਸੈਨ, ਰਵਿਦਾਸ ਜੀ ਦੇ ਜੀਵਨ ਕਾਲ ਵਿਚ ਹੀ ਜੋਤੀ ਜੋਤ ਸਮਾ ਚੁੱਕੇ ਸਨ । ਉਮਰ ਵਿਚ ਵੀ ਦੋਵੇਂ ਸੰਤ ਰਵਿਦਾਸ ਜੀ ਤੋਂ ਛੋਟੇ ਸਨ ।

ਕਬੀਰ ਨੇ 'ਸਾਧਨ ਮੇਂ ਰਵਿਦਾਸ ਸੰਤ ਹੈ' ਕਿਹਾ ਹੈ ਅਤੇ ਉਨ੍ਹਾਂ ਦੀ ਗਿਣਤੀ ਧਰੂ, ਪ੍ਰਹਿਲਾਦ ਅਤੇ ਸ਼ੁਕਦੇਵ ਵਰਗੇ ਉੱਚੇ ਤੇ ਮਹਾਨ ਭਗਤਾਂ ਵਿਚ ਕੀਤੀ ਹੈ ਤੇ ਉਨ੍ਹਾਂ ਦੀ ਤਰ੍ਹਾਂ ਹੀ ਪ੍ਰਭੂ-ਪ੍ਰੇਮ ਰੂਪੀ ਅੰਮ੍ਰਿਤ ਰਸ ਨੂੰ ਗ੍ਰਹਿਣ ਕਰਨ ਵਾਲੇ ਦੱਸਿਆ ਹੈ :

ਸੁਖ ਸਾਗਰ ਮੇਂ ਆਇ ਕੇ, ਮਤ ਜਾ ਰੇ ਪਿਆਸਾ ।
ਅਜਹੁ ਸਮਝ ਨਰ ਬਾਵਰੇ, ਜਮ ਕਰਤ ਨਿਰਾਸਾ ।
ਨਿਰਮਲ ਨੀਰ ਭਰੇ ਤੇਰੇ ਆਗੇ, ਪੀਲੇ ਸ੍ਵਾਂਸੋ ਸ੍ਵਾਂਸਾ ।
ਮ੍ਰਿਗ ਤ੍ਰਿਸ਼ਨਾ ਜਲ ਛਾਂਡ ਬਾਵਰੇ, ਕਰੋ ਸੁਧਾਰਸ ਆਸਾ ।
ਧਰੂ, ਪ੍ਰਹਿਲਾਦ, ਸ਼ੁਕਦੇਵ ਪਿਆ, ਔਰ ਪਿਆ **ਰਵਿਦਾਸਾ** ॥
ਪ੍ਰੇਮਹਿ ਸੰਤ ਸਦਾ ਮਤਵਾਲਾ, ਏਕ ਪ੍ਰੇਮ ਕੀ ਆਸਾ ।
ਕਹੈ 'ਕਬੀਰ' ਸੁਨੋ ਭਾਈ ਸਾਧੋ, ਮਿਟ ਗਈ ਭੈਅ ਕੀ ਬਾਸਾ ॥

ਭਗਤ ਸੇਨ ਦਾ ਇਕ ਪਦ ਹੈ :

ਵੇਦਹਿ ਝੂਠਾ, ਸ਼ਾਸਤ੍ਰਹਿ ਝੂਠਾ, ਭਗਤ ਕਹਾਂ ਸੇ ਪਛਾਨੀ ।
ਜਯਾ ਜਯਾ ਬ੍ਰਹਮਾ ਤੂ ਹੀ ਝੂਠਾ, ਝੂਠੀ ਸਾਕੇ ਨਾ ਮਾਨੀ ॥
ਗੁਰੁਡ ਚਢੇ ਜਬ ਵਿਸ਼ਨੂ ਆਯਾ, ਸਾਚ ਭਗਤ ਮੇਰੇ ਦੋਹੀ ॥
ਧਨ੍ਯ ਕਬੀਰ ਧਨ੍ਯ, **ਰੌਹਿਦਾਸਾ** ਗਾਵੈ ਸੇਨਾ ਨ੍ਹਾਵੀ ।

ਇਸ ਵਿਚ ਉਨ੍ਹਾਂ ਨੇ ਕਬੀਰ, ਰੌਹਿਦਾਸ (ਰਵਿਦਾਸ) ਨੂੰ ਆਪਣੇ ਸੱਚੇ ਤੇ ਪੂਜਨੀਕ ਭਗਤਾਂ ਦੇ ਰੂਪ ਵਿਚ ਯਾਦ ਕੀਤਾ ਹੈ ।

ਭਵਿਸ਼ਯ ਪੁਰਾਣ ਦੇ ਆਧਾਰ ਉਤੇ ਰਵਿਦਾਸ ਜੀ ਨੇ ਕਬੀਰ ਜੀ ਨੂੰ ਵਾਦ-ਵਿਵਾਦ ਵਿਚ ਹਰਾਇਆ, ਇਸ ਦਾ ਵਰਣਨ ਪਿੱਛੇ ਕੀਤਾ ਜਾ ਚੁੱਕਾ ਹੈ । ਭਗਤ ਸੈਨ

ਕ੍ਰਿਤ 'ਕਬੀਰ ਰੈਦਾਸ ਸੰਵਾਦ' ਦੀ ਰਚਨਾ 1502 ਵਿਕ੍ਰਮੀ ਵਿਚ ਹੋਈ ਮੰਨੀ ਜਾਂਦੀ ਹੈ। ਇਸ ਵਿਚ ਦੋਹਾਂ ਸੰਤਾਂ ਦੀ ਬ੍ਰਹਮ ਦੀ ਨਿਰਾਕਾਰ ਤੇ ਸਾਕਾਰ ਉਪਾਸਨਾ ਦੀ ਪ੍ਰਸ਼ਨੋਤਰੀ ਰੂਪ ਵਿਚ ਚਰਚਾ ਦਾ ਵਰਣਨ ਹੈ।

ਰਵਿਦਾਸ ਜੀ ਸਗੁਣ ਰੂਪ ਦੀ ਮਹਿਮਾ ਵਖਾਣਦੇ ਹਨ, ਤਾਂ ਕਬੀਰ ਦਾਸ ਨਿਰਾਕਾਰ ਰੂਪ ਦੀ। ਵਿਸ਼ਣੂ ਗਰੁੜ ਉਤੇ ਚੜ੍ਹੇ ਹੋਏ ਸਾਕਾਰ ਹੋ ਕੇ ਦੋਵਾਂ ਨੂੰ ਦਰਸ਼ਨ ਦਿੰਦੇ ਹਨ। ਕਬੀਰ ਆਤਮ-ਨਿਵੇਦਨ ਕਰਕੇ ਆਪਣੇ ਆਪ ਨੂੰ ਵਡਭਾਗੀ ਸਮਝਦੇ ਹਨ। ਸੰਵਾਦ ਦਾ ਅੰਤਮ ਅੰਸ਼ ਇਸ ਤਰ੍ਹਾਂ ਹੈ :

ਰੈਦਾਸ ਕਹੈਂ ਜੀ,
ਸੋ ਤੁਮ ਗਾਵੋ ਸੋ ਹੂ ਗਾਊਂ, ਤੇਰਾ ਗਯਾਨ ਵਿਚਾਰੋਂ।
ਕਹੈ ਰੈਦਾਸ ਕਬੀਰ ਗੁਰ ਮੇਰਾ, ਮਰਮ ਕਰਮ ਧੋਈ ਡਾਰੋਂ ॥

ਕਬੀਰ ਕਹੈਂ ਜੀ,
ਮਰਮ ਹੀ ਡਾਰ ਦੇ ਕਰਮ ਹੀ ਡਾਰਿ ਦੇ, ਡਾਰਿ ਦੇ ਜੀਵ ਕੀ ਦੁਬਧਯਾਈ।
ਆਤਮ ਰਾਮ ਕਰੌ, 'ਵਿਸ਼ਰਾਮਾ', ਹਮ ਦੋਨ੍ਯੂ ਗੁਰਭਾਈ ॥

ਰੈਦਾਸ ਕਹੈਂ ਜੀ,
ਮਾਖਣ ਮੱਥਯ ਰੂਪ ਤੱਤ ਦਿਖਲਾਯਾ, ਭਰਮ ਕਰਮ ਸਬ ਜਾਈ।
ਕਹੈ ਰੈਦਾਸ ਪੀਰ ਗੁਰ ਮੇਰਾ, ਯਾ ਮਤ ਤੁਮ ਸੂੰ ਪਾਈ ॥

ਕਬੀਰ ਕਹੈਂ ਜੀ,
ਨ੍ਰਿਗੁਣ ਬ੍ਰਹਮ ਸਕਲ ਕੋ ਦਾਤਾ, ਸੋ ਸੁਮਰੋ ਚਿਤ ਲਾਈ।
ਕੋ ਹੈ ਲਘੂ ਦੀਰਘ ਕੋ ਨਾਂਹੀ, ਹਮ ਤੁਮ ਦੋਨਯੂ ਗੁਰਭਾਈ।

ਚਲਯਾ ਚਲਯਾ ਵਿਸ਼ਣੂ ਜੀ ਆਇਆ,
ਜਹਾਂ ਕਬੀਰ ਰੈਦਾਸਾ।
ਉਠੋ ਕਬੀਰ ਸਨਮੁਖ ਹ੍ਵੈ ਦੇਖੋ,
ਕਰੋ ਕੌਣ ਕੀ ਆਸਾ।

ਕਹੈ ਕਬੀਰ ਜੀ ਸੁਣੋ ਬ੍ਰਹਮ ਜੀ, ਤੁਮ ਹੋ ਚਤੁਰ ਬਬੇਕੀ।
ਹਮ ਤੋ ਬੁਰਾ ਭਲਾ ਜਨ ਤੇਰਾ, ਜਾ ਤਤ ਬਸ੍ਤਕਯ ਨ ਦੇਖੀ ॥
ਗਰਡ ਚਢੇ ਗੋਪਾਲ ਕਹਤ ਹੈ ਸਤਿ ਭਗਤ ਹਮਾਰੇ ਹੋਈ।
ਸਤਿ ਕਬੀਰ ਧਨਿ ਰੈਦਾਸਾ, ਗਾਵੇ ਸੇਨਾ ਸੋਈ ॥

ਸੰਤ ਅਨੰਤਦਾਸ ਜੀ ਆਪਣੀ 'ਰੈਦਾਸ ਕੀ ਪਰਚਈ' ਵਿਚ ਲਿਖਦੇ ਹਨ ਕਿ ਝਾਲੀ ਰਾਣੀ ਨੂੰ ਚੇਲੀ ਬਣਾਉਣ ਉੱਤੇ ਜਦ ਬ੍ਰਾਹਮਣਾਂ ਨੇ ਵਿਰੋਧ ਪ੍ਰਗਟ ਕਰਨ ਲਈ

ਰਵਿਦਾਸ ਜੀ ਦੇ ਘਰ ਧਰਨਾ ਦਿੱਤਾ ਤਾਂ ਬਾਂਧਵਗੜ੍ਹ ਤੋਂ ਸੇਨ ਭਗਤ ਵੀ ਉਨ੍ਹਾਂ ਨੂੰ ਸਮਝਾਉਣ ਆਏ ਸਨ ਅਤੇ ਉਧਰ ਕਬੀਰ ਜੀ ਤੋਂ ਸਲਾਹ ਮੰਗਣ ਵਾਸਤੇ ਰਵਿਦਾਸ ਜੀ ਨੇ ਖ਼ੁਦ ਸੁਨੇਹਾ ਭੇਜਿਆ ਸੀ :

ਨਿਜ ਹਰ ਭਗਤ ਸੇਣਿ ਹੈ ਨਾਈ, ਬਾਂਧ੍ਯੋਗੜ ਤੈ ਵੋ ਚਲਿ ਆਈ ।
ਤਾਕੋ ਬਚਨ ਨ ਮਾਨੇ, ਕਰੈ ਮਚਲਾਈ ਮਰੀਬੋ ਠਾਨੈ ।
ਭਗਤ ਯੇਕ ਰੈਦਾਸਾ ਪਠਾਯੋ, ਸੋ ਕਬੀਰ ਕੋ ਬੂਝਣ ਆਯੋ ।
ਬਾਂਭਣ ਪੌਲਿ ਹਮਾਰੀ ਮਰਿ ਹੈ, ਦੇਹੁ ਮਤੋ ਹਮ ਕੈਸੇ ਕਰਿ ਹੈ ।

ਇਸੇ ਤਰ੍ਹਾਂ ਇਕ ਪਦ ਵਿਚ ਧੰਨਾ ਭਗਤ ਜੀ ਨੇ ਨਾਮਦੇਵ ਦੇ ਨਾਲ ਕਬੀਰ, ਰਵਿਦਾਸ ਤੇ ਸੇਨ ਦੇ ਭਗਤੀ ਭਾਵ ਅਤੇ ਪ੍ਰਸਿੱਧੀ ਤੋਂ ਪ੍ਰਭਾਵਿਤ ਹੋ ਕੇ ਤੇ ਪ੍ਰੇਰਨਾ ਲੈ ਕੇ ਭਗਤੀ ਦੇ ਮਾਰਗ ਵੱਲ ਆਉਣ ਦੀ ਗੱਲ ਕੀਤੀ ਹੈ ।

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨ ਲੀਣਾ ।
ਆਠ ਦਾਮ ਕੋ ਛੀਪਰੋ ਹੋਇਯੋ ਲਾਖੀਣਾ ।
ਬੁਨਨਾ ਤਨਨਾ ਤਿਆਗਿ ਪ੍ਰੀਤਿ ਚਰਨ ਕਬੀਰਾ ।
ਨੀਚ ਕੁਲਾ ਜੋਲਾਹਰਾ ਭਇਓ ਗੁਨੀ ਗਹੀਰਾ ।
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਹਿੰ ਤਿਆਗੀ ਮਾਇਆ ।
ਪ੍ਰਗਟ ਹੋਇਆ ਸਾਧ ਸੰਗਿ ਹਰਿ ਦਰਸ਼ਨ ਪਾਇਆ ।
ਸੈਨ ਨਾਈ ਬੁਤ ਕਾਰਿਆ ਉਹੁ ਘਰਿ ਘਰਿ ਸੁਨਿਆ ।
ਹਿਰਦੇ ਬਸਿਆ ਪਾਰ ਬ੍ਰਹਮ ਭਗਤਾਂ ਮਹਿ ਗਨਿਆ ।
ਇਹ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ ।
ਮਿਲੇ ਪ੍ਰਤੱਖਿ ਗੁਸਈਆ 'ਧੰਨਾ' ਬਡਭਾਗਾ ।

ਗੁਰੂ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਬਨਾਰਸ ਵਿਚ ਹੋਈ ਸੀ । ਪਰ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਉਨ੍ਹਾਂ ਦੀ ਮੁਲਾਕਾਤ ਅਯੁੱਧਿਆ ਵਿਚ ਹੋਈ ਸੀ । ਇਸ ਮੁਲਾਕਾਤ ਦਾ ਸਮਾਂ 1555 ਵਿਕ੍ਰਮੀ ਮੰਨਿਆ ਜਾਂਦਾ ਹੈ, ਅਤੇ ਰਵਿਦਾਸ ਜੀ ਉਸ ਵੇਲੇ 122 ਸਾਲ ਦੇ ਸਨ । ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਸ਼ਬਦਾਂ/ਪਦਾਂ ਵਿਚ ਗੁਰੂ ਰਵਿਦਾਸ ਜੀ ਦਾ ਨਾਮ ਸ਼ਰਧਾ ਭਗਤੀ ਤੇ ਪਿਆਰ ਨਾਲ ਲਿਆ ਹੈ ਜਿਵੇਂ :

1. ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ ॥
   ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ ।[1]
2. ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ।[2]

---

1. ਆਦਿ ਗ੍ਰੰਥ, ਪੰਨਾ 733
2. ਉਹੀ, ਪੰਨਾ 1192

ਇਸ ਤੋਂ ਛੁੱਟ ਗੁਰੂ ਰਵਿਦਾਸ ਜੀ ਦੇ ਪਰਵਰਤੀ ਸੰਤਾਂ-ਭਗਤਾਂ ਨੇ ਵੀ ਗੁਰੂ ਰਵਿਦਾਸ ਦੀ ਭਗਤੀ ਅਤੇ ਸਿੱਧ ਅਵਸਥਾ ਦਾ ਵਣਨ ਆਪਣੀ ਬਾਣੀ ਵਿਚ ਵਾਰ ਵਾਰ ਕੀਤਾ ਹੈ। ਉਦਾਹਰਣ ਵਜੋਂ ਕੁਝ ਪੰਕਤੀਆਂ ਦੇਖੋ :

1. **ਰੋਹਿਦਾਸ** ਚਮਾਰ ਸਬ ਕੁਛ ਜਾਨੇ ਕਠੋਰੇ ਗੰਗਾ ਦੇਖ। —ਏਕ ਨਾਥ

2. ਜਨ **ਰਵਿਦਾਸ** ਨੀਚ ਕੁਲ ਉਚਾ, ਤਾਕੂੰ ਤੀਨ ਲੋਕ ਸਬ ਜਾਣੈ ਰੇ।
ਜਨ 'ਹਰੀਦਾਸ' ਵੈ ਨਿਰਭੈ ਦੇਖਯਾ, ਤਾਂਤੇ ਉਲਟੀ ਤਾਣੈ ਰੇ॥
—ਹਰੀਦਾਸ

3. ਅਮ੍ਰਿਤ ਰਾਮ ਰਸਾਯਣ ਪੀਯਾ, ਤਾਂਥੈਂ ਅਮਰ ਕਬੀਰਾ ਕੀਯਾ।
ਰਾਮ ਰਾਮ ਕਹਿ ਰਾਮ ਸਮਾਨਾ, ਜਨ **ਰਵਿਦਾਸ** ਮਿਲੇ ਭਗਵਾਨਾ।
—ਦਾਦੂ

4. ਨਿਵ੍ਰਿੱਤਿ ਗਿਆਨਦੇਵ ਸੋਪਾਨ ਚਾਂਗਾਜੀ, ਮੇਰੇ ਜੀ ਕੇ ਹੈਂ ਜੀ ਨਾਮਦੇਵ।
ਨਾਗਾਜਨ ਮਿਤ੍ਰ ਨਰਹਰਿ ਸੁਨਾਰ, **ਰਵਿਦਾਸ** ਕਬੀਰ ਸਗੇ ਮੇਰੇ॥
—ਤੁਕਾਰਾਮ

5. ਰਾਮ ਰਸ ਪੀਯਾ ਰੇ, ਪੀਨਾ ਹੀ ਆਨੰਦ ਹੋਯ।
ਸੋਂਝੇ ਸੈਨ ਪਿਯੋ **ਰਵਿਦਾਸਾ**, ਮੀਰਾ ਪ੍ਰੇਮ ਬੜਾਈ ਰੇ॥ —ਸੇਵਾਦਾਰ

6. ਕਬੀਰ ਨਾਮਦੇਵ ਪੀਆ **ਰਵਿਦਾਸਾ**, ਭਵਸਾਗਰ ਕੀ ਕਾਟੀ ਪਾਸਾ॥
—ਕਲਿਆਣਦਾਸ

7. ਜਨ **ਰਵਿਦਾਸ** ਸਾਧਿ ਸੂਰਾ ਤਨ, ਬਿਪ੍ਰਨ ਮਾਰ ਮਚਾਈ ਰੇ।
—ਛੋਟੇ ਸੁੰਦਰਦਾਸ

8. ਭੇਂਟੋ ਜਬ **ਰਵਿਦਾਸ** ਕੂੰ, ਲੀਨੋਂ ਭੁਜਾ ਪਸਾਰ।
ਹਰਿ ਲੀਲਾ ਰੀਝੈ ਨਹੀਂ, ਅਚਰਜ ਕਹੋਂ ਅਪਾਰ॥ —ਦਯਾਬਾਈ

9. ਪੀਪਾ ਧੰਨਾ **ਸੈਨ ਰਵਿਦਾਸਾ** ਸੁਖਦੇਵ ਪੀਯੋ ਅਘਾਈ।
ਅਮਰ ਗੁਰੂ ਪੀਯੋ ਹੁਏ ਨਿਰਭੈ ਅਗਮ ਸੁਰਤਿ ਠਹਿਰਾਈ॥
—ਦਰਸ਼ਨ ਦਾਸ

10. ਪੀਪਾ ਜਨ **ਰਵਿਦਾਸ** ਪੁਨਿ ਸੁਮਰੇ ਸੁਖਦਾਈ ਰੇ।
ਪੀਯਾ ਪਿਯਾਲਾ ਪ੍ਰੇਮ ਕਾ ਉਰ ਤਪਨ ਬੁਝਾਈ ਰੇ। —ਰੂਪਦਾਸ ਜੀ

ਗੁਰੂ ਰਵਿਦਾਸ ਜੀ ਦੇ ਜੀਵਨ ਵਿਚ ਸ਼ੁਰੂ ਤੋਂ ਅਖ਼ੀਰ ਤੱਕ ਸੰਘਰਸ਼ ਹੀ ਰਿਹਾ ਹੈ। ਉਹ ਇਕ ਪਰਮ ਸੰਤ, ਕਰਮਵੀਰ ਤੇ ਸਵੈਵਿਸ਼ਵਾਸ ਵਾਲੇ, ਨਿੱਠ ਕੇ ਕੰਮ ਕਰਨ

ਵਾਲੇ ਮਹਾਂ ਪੁਰਖ ਸਨ । ਇਸੇ ਕਰਕੇ ਹੀ ਉਨ੍ਹਾਂ ਦੇ ਕਦਮ ਹਰ ਹਾਲਤ ਵਿਚ ਅਡਿੱਗ ਰਹੇ ਅਤੇ ਉੱਚਿਆਂ ਨੀਵਿਆਂ ਥਾਵਾਂ ਉੱਤੇ ਪੈਂਦੇ ਵੀ ਅੱਗੇ ਹੀ ਵੱਧਦੇ ਚਲੇ ਗਏ । ਰਵਿਦਾਸ ਜੀ ਨੂੰ ਸਮਾਜ ਦੀਆਂ ਕਰੋਪੀਆਂ ਦਾ ਹੀ ਸਾਹਮਣਾ ਨਹੀਂ ਕਰਨਾ ਪਿਆ ਸਗੋਂ ਹਾਕਮ ਜਮਾਤ ਨਾਲ ਵੀ ਮੋਰਚਾ ਲੈਣਾ ਪਿਆ । ਪ੍ਰੰਤੂ ਜਿੱਤ ਸਭ ਥਾਂ ਤੇ ਹਮੇਸ਼ਾ ਉਨ੍ਹਾਂ ਦੀ ਹੀ ਹੋਈ ।

ਸ਼ਾਹ ਸਿਕੰਦਰ ਲੋਧੀ ਨਾਲ ਗੁਰੂ ਰਵਿਦਾਸ ਜੀ ਦੀਆਂ ਮੁਲਾਕਾਤਾਂ ਦੀਆਂ ਅਨੇਕ ਦੰਦ-ਕਥਾਵਾਂ ਵਿਚੋਂ ਇਕ ਦੰਦ-ਕਥਾ ਹੈ ਕਿ 1545 ਵਿਕ੍ਰਮੀ ਵਿਚ ਸਿਕੰਦਰ ਲੋਧੀ ਬਨਾਰਸ ਆਇਆ, ਜਦੋਂ ਕਿ ਉਸ ਦਾ ਰਾਜ ਤਿਲਕ ਅਜੇ ਨਹੀਂ ਸੀ ਹੋਇਆ ਤਾਂ ਉਸ ਦੀ ਭੇਟ ਗੁਰੂ ਰਵਿਦਾਸ ਜੀ ਨਾਲ ਹੋਈ । ਉਸ ਵੇਲੇ ਉਨ੍ਹਾਂ ਦੀ ਉਮਰ 112 ਸਾਲ ਦੀ ਸੀ ।

ਸ਼ਾਹ ਸਿਕੰਦਰ ਲੋਧੀ ਅਤੇ ਗੁਰੂ ਰਵਿਦਾਸ ਜੀ ਦੀ ਆਪਸੀ ਮੁਲਾਕਾਤ ਦੇ ਸੰਬੰਧ ਵਿਚ ਪ੍ਰਚਲਿਤ ਹੋਈ ਇਕ ਕਥਾ ਦੇ ਅਨੁਸਾਰ ਇਹ ਆਮ ਕਿਹਾ ਜਾਂਦਾ ਹੈ ਕਿ ਜਦ ਸ਼ਾਹ ਸਿਕੰਦਰ ਲੋਧੀ ਬਨਾਰਸ ਆਇਆ ਤਾਂ ਉਸਨੇ ਗੁਰੂ ਰਵਿਦਾਸ ਜੀ ਦੀ ਚੁਪਾਸੇ ਫੈਲੀ ਮਸ਼ਹੂਰੀ ਸੁਣ ਕੇ ਉਨ੍ਹਾਂ ਨੂੰ ਆਪਣੇ ਦਰਬਾਰ ਵਿਚ ਆਉਣ ਦਾ ਸੱਦਾ ਦਿੱਤਾ । ਉਨ੍ਹਾਂ ਦੀ ਭਗਤੀ, ਗਿਆਨ ਅਤੇ ਕਈ ਕਿਸਮ ਦੀਆਂ ਅਲੌਕਿਕ ਗੱਲਾਂ ਸੁਣ ਕੇ, ਦੇਖ ਕੇ ਸਿਕੰਦਰ ਲੋਧੀ ਬਹੁਤ ਜ਼ਿਆਦਾ ਪ੍ਰਭਾਵਿਤ ਹੋਇਆ ਅਤੇ ਉਹਨੇ ਰਵਿਦਾਸ ਜੀ ਨੂੰ ਸਨਮਾਨਿਤ ਕੀਤਾ । ਇਕ ਹੋਰ ਦੰਦ-ਕਥਾ ਹੈ ਕਿ ਕੁਝ ਈਰਖਾਲੂ ਵਿਅਕਤੀਆਂ ਦੀ ਸ਼ਿਕਾਇਤ ਉੱਤੇ ਸ਼ਾਹ ਸਿਕੰਦਰ ਨੇ ਉਨ੍ਹਾਂ ਨੂੰ ਦਰਬਾਰ ਵਿਚ ਬੁਲਾਇਆ ਅਤੇ ਉਨ੍ਹਾਂ ਦੀਆਂ ਮਸ਼ਕਾਂ ਬੰਨ੍ਹ ਕੇ ਹਾਥੀ ਦੇ ਪੈਰਾਂ ਹੇਠ ਕੁਚਲਣ ਦਾ ਹੁਕਮ ਦਿੱਤਾ । ਪ੍ਰੰਤੂ ਮਦਮਸਤ ਹਾਥੀ ਛੱਡੇ ਜਾਣ ਤੇ ਉਹ ਰਵਿਦਾਸ ਜੀ ਦੇ ਇਲਾਹੀ ਤੇਜ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਨੇੜੇ ਮੱਥਾ ਝੁਕਾ ਕੇ ਖਲੋ ਗਿਆ । ਫੇਰ ਸ਼ਾਹ ਸਿਕੰਦਰ ਨੇ ਆਪਣੀ ਗੱਲ ਸਵੀਕਾਰ ਕੀਤੀ ਅਤੇ ਉਨ੍ਹਾਂ ਤੋਂ ਖਿਮਾ ਆਦਿ ਮੰਗ ਕੇ ਪੂਰੇ ਮਾਨ ਤੇ ਸਤਿਕਾਰ ਨਾਲ ਵਿਦਾ ਕੀਤਾ । ਪ੍ਰੰਤੂ, ਇਹੋ ਜਿਹੀ ਘਟਨਾ ਸੰਤ ਕਬੀਰਦਾਸ ਜੀ ਨਾਲ ਵੀ ਵਾਪਰੀ ਦੱਸੀ ਜਾਂਦੀ ਹੈ । ਇਨ੍ਹਾਂ ਸਾਰੀਆਂ ਘਟਨਾਵਾਂ ਤੋਂ ਇਤਨਾ ਤਾਂ ਸੱਚ ਸਾਬਤ ਹੁੰਦਾ ਹੈ ਕਿ ਸਿਕੰਦਰ ਲੋਧੀ ਨੇ ਉਸ ਵੇਲੇ ਦੇ ਹਿੰਦੂ ਸੰਸਕ੍ਰਿਤੀ ਤੇ ਸਭਿਆਚਾਰ ਦੇ ਉਸਰਈਆਂ ਅਤੇ ਸਰਪ੍ਰਸਤਾਂ ਤੇ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਜ਼ਰੂਰ ਹੀ ਕਿਸੇ ਨਾ ਕਿਸੇ ਤਰ੍ਹਾਂ ਸਜ਼ਾ ਦਿੱਤੀ ਹੋਵੇਗੀ ਅਤੇ ਡਰਾਇਆ ਧਮਕਾਇਆ ਹੋਵੇਗਾ । ਸ਼ਾਹ ਸਿਕੰਦਰ ਲੋਧੀ ਇਹੋ ਜਿਹੇ ਕਾਰਨਾਮਿਆਂ ਲਈ ਇਤਿਹਾਸ ਵਿਚ ਕਾਫ਼ੀ ਬਦਨਾਮ ਰਿਹਾ ਹੈ । ਇਹ ਵੀ ਬਿਲਕੁਲ ਸੰਭਵ ਹੈ ਕਿ ਇਹੋ ਜਿਹੇ ਵੇਲਿਆਂ ਤੇ ਹੀ ਗੁਰੂ ਰਵਿਦਾਸ ਜੀ ਦੇ ਹਿਰਦੇ ਵਿਚ ਦੇਸ਼ ਦੀ ਗ਼ੁਲਾਮੀ ਸੰਬੰਧੀ ਹੇਠ ਲਿਖੇ ਭਾਵ ਨਿਕਲੇ ਹੋਣ :

1. ਪਰਾਧੀਨਤਾ ਪਾਪ ਹੈ, ਜਾਨ ਲੇਹੁ ਰੇ ਮੀਤ ।
'ਰਵਿਦਾਸ' ਦਾਸ ਪਰਾਧੀਨ ਸੋਂ, ਕੌਨ ਕਰੇ ਹੈ ਪ੍ਰੀਤ ॥
2. ਪਰਾਧੀਨ ਕੋ ਦੀਨ ਕਯਾ, ਪਰਾਧੀਨ ਬੇ ਦੀਨ ।
'ਰਵਿਦਾਸ' ਦਾਸ ਪਰਾਧੀਨ ਕੋ, ਸਭ ਹੀ ਸਮਝੇ ਹੀਨ ॥

ਗੁਰੂ ਰਵਿਦਾਸ ਜੀ 1584 ਵਿਕ੍ਰਮੀ ਵਿਚ ਚਿਤੌੜ ਵਿਖੇ 151 ਸਾਲ ਦੀ ਉਮਰ ਭੋਗ ਕੇ ਜੋਤੀ ਜੋਤ ਸਮਾਏ । ਕੁਝ ਵਿਦਵਾਨਾਂ ਦਾ ਮੱਤ ਹੈ ਕਿ ਉਹ ਕਾਸ਼ੀ ਵਿਖੇ ਬ੍ਰਹਮਲੀਨ ਹੋਏ, ਪਰ ਇਹ ਸੱਚ ਨਹੀਂ ।

ਅੰਤਿਮ ਦਿਨਾਂ ਵਿਚ ਸੰਤ ਰਵਿਦਾਸ ਜੀ ਪਤਨੀ ਸਮੇਤ ਮੀਰਾ ਜੀ ਵਲੋਂ ਬੇਨਤੀ ਕਰਨ ਤੇ ਚਿਤੌੜ ਆ ਕੇ ਰਹਿਣ ਲੱਗ ਪਏ । ਪਰੰਪਰਾ ਤੋਂ ਮੀਰਾ ਜੀ ਉਨ੍ਹਾਂ ਦੀ ਚੇਲੀ ਮੰਨੀ ਜਾਂਦੀ ਹੈ ਤੇ ਉਹ ਆਪ ਵੀ ਕਈਆਂ ਪਦਾਂ ਵਿਚ ਗੁਰੂ ਰਵਿਦਾਸ ਜੀ ਨੂੰ ਆਪਣਾ ਗੁਰੂ ਸਵੀਕਾਰ ਕਰਦੀ ਹੈ । ਉਦਾਹਰਣ ਵਜੋਂ :

1. ਮੀਰਾਂ ਨੇ ਗੋਬਿੰਦ ਮਿਲਯਾ ਜੀ, ਗੁਰੂ ਮਿਲਿਆ ਰੈਦਾਸ ।
2. **ਰੈਦਾਸ** ਸੰਤ ਮਿਲੇ ਮੋਹਿ ਸਤਿਗੁਰੂ, ਦੀਨਹੀ ਸੁਰਤ ਸਹਦਾਨੀ ।
3. ਮੀਰਾ ਕੇ ਪ੍ਰਭੂ ਤੁਮ ਹੀ ਸਵਾਮੀ, ਸ੍ਰੀ **ਰੈਦਾਸ** ਸਤਿਗੁਰੂ ਜੀ ।
4. ਮੇਰਾ ਮਨ ਲਾਗੋ ਗੁਰੂ ਸੋਂ, ਅਬ ਨਾ ਰਹੂੰਗੀ ਅਟਕੀ ।
ਗੁਰੂ ਮਿਲਿਯਾ **ਰੈਦਾਸ** ਜੀ, ਦੀਨਹੀ ਗਿਆਨ ਦੀ ਗੁਟਕੀ ॥

ਗੁਰੂ ਰਵਿਦਾਸ ਜੀ ਚਿਤੌੜ ਆ ਗਏ ਅਤੇ ਉਥੇ ਰਹਿੰਦਿਆਂ ਹੋਇਆਂ ਹਰ ਰੋਜ਼ ਭਜਨ-ਕੀਰਤਨ ਪਿਛੋਂ ਆਪ ਪ੍ਰਵਚਨ ਜਾਂ ਉਪਦੇਸ਼ ਕਰਦੇ । ਉਸ ਵਿਚ ਉਹ ਆਪਣੇ ਸਮਾਜ-ਸੁਧਾਰ ਸੰਬੰਧੀ ਵਿਚਾਰਾਂ ਦਾ ਪ੍ਰਚਾਰ ਪੂਰੀ ਮਜ਼ਬੂਤੀ ਨਾਲ ਅਤੇ ਨਿਡਰ ਹੋ ਕੇ ਕਰਦੇ । ਪ੍ਰੰਤੂ ਕੁਝ ਕੱਟੜ ਪੰਥੀ ਲੋਕਾਂ ਨੂੰ ਇਹ ਸਹਿਣ ਨਹੀਂ ਸੀ । ਉਨ੍ਹਾਂ ਨੂੰ ਇਕ ਚਮਾਰ ਦਾ ਵਿਆਸ-ਗੱਦੀ ਉੱਤੇ ਬਿਰਾਜ ਕੇ, ਆਮ ਲੋਕਾਂ ਨੂੰ ਧਰਮ ਦਾ ਉਪਦੇਸ਼ ਦੇਣਾ ਅਖਰਦਾ ਸੀ । ਉਨ੍ਹਾਂ ਦਾ ਵਿਚਾਰ ਸੀ ਕਿ ਧਰਮ-ਉਪਦੇਸ਼ ਦੇਣ ਦਾ ਹੱਕ ਬ੍ਰਾਹਮਣ ਅਤੇ ਉਚੇ ਖ਼ਾਨਦਾਨ ਵਿਚ ਪੈਦਾ ਹੋਣ ਵਾਲੇ ਵਿਅਕਤੀਆਂ ਨੂੰ ਹੀ ਹੈ । ਇਸ ਲਈ ਉਹ ਲਗਾਤਾਰ ਰਵਿਦਾਸ ਜੀ ਦਾ ਨਿਰੰਤਰ ਵਿਰੋਧ ਕਰਦੇ ਰਹਿੰਦੇ ।

ਕਹਿੰਦੇ ਹਨ ਕਿ ਰਵਿਦਾਸ ਜੀ ਇਕ ਦਿਨ ਰੋਜ਼ਾਨਾ ਵਾਂਗ ਧਰਮ ਦਾ ਉਪਦੇਸ਼ ਕਰ ਰਹੇ ਸਨ । ਅਚਾਨਕ ਉਸ ਦਿਨ ਕੱਟੜਪੰਥੀ ਲੋਕਾਂ ਦੇ ਵਿਰੋਧ ਨੇ ਕੁਝ ਜ਼ਿਆਦਾ ਹੀ ਤੇਜ਼ ਰੂਪ ਧਾਰਨ ਕਰ ਲਿਆ । ਉਹ ਰਵਿਦਾਸ ਜੀ ਨੂੰ ਜਨੇਊ ਧਾਰਨ ਨਾ ਕਰਨ ਅਤੇ ਗ਼ੈਰ-ਬ੍ਰਾਹਮਣ ਹੋਣ ਕਾਰਣ ਧਰਮ ਉਪਦੇਸ਼ ਕਰਨ ਦਾ ਅਧਿਕਾਰੀ ਨਾ ਹੋਣ ਦੀ ਗੱਲ ਵਾਰ ਵਾਰ ਕਰ ਰਹੇ ਸਨ । ਕਿਹਾ ਜਾਂਦਾ ਹੈ ਕਿ ਰਵਿਦਾਸ ਜੀ ਅਚਾਨਕ ਹੀ ਵਿਆਸ-ਗੱਦੀ ਤੋਂ ਉਠ ਖਲੋਏ ਅਤੇ ਉਨ੍ਹਾਂ ਨੇ ਆਪਣੀ

ਛਾਤੀ ਚੀਰ ਕੇ ਅੰਦਰ ਜਨੇਊ (ਯੱਗ-ਉਪਵੀਤ) ਦਿਖਾਇਆ ਅਤੇ ਖ਼ੁਦ ਨੂੰ ਬ੍ਰਾਹਮਣ ਹੋਣ ਦਾ ਦਾਅਵੇਦਾਰ ਦੱਸਿਆ। ਉਸ ਸਮੇਂ ਉਸ ਜਨੇਊ ਦੀ ਕਰੋੜਾਂ ਸੂਰਜਾਂ ਜਿੰਨੀ ਜੋਤੀ ਚੁਫੇਰੇ ਪ੍ਰਕਾਸ਼ਮਾਨ ਹੋ ਗਈ। ਦਰਸ਼ਕ ਲੋਕ ਹੈਰਾਨ ਰਹਿ ਗਏ। ਉਸ ਦਿੱਵ ਜਯੋਤੀ ਦੇ ਅਲੋਪ ਹੋਣ ਦੇ ਨਾਲ ਹੀ ਗੁਰੂ ਰਵਿਦਾਸ ਜੀ ਆਪਣੇ ਸਰੀਰ ਸਮੇਤ ਬ੍ਰਹਮਲੀਨ ਹੋ ਗਏ। ਸਿਰਫ਼ ਰਵਿਦਾਸ ਜੀ ਦੇ ਚਰਨ-ਚਿੰਨ੍ਹ ਉਥੇ ਬਾਕੀ ਦਿਖਾਈ ਦੇ ਰਹੇ ਸਨ। ਰਵਿਦਾਸ ਜੀ ਦੇ ਬ੍ਰਹਮਲੀਨ ਹੋਣ ਦੀ ਖ਼ਬਰ ਸੁਣ ਕੇ ਭਗਤ ਜਨ ਜਦ ਝੁੱਗੀ ਵਿਚ ਲੋਨਾ ਦੇਵੀ ਦੇ ਨੇੜੇ ਪੁੱਜਦੇ ਹਨ ਤਾਂ ਕੀ ਦੇਖਦੇ ਹਨ ਕਿ ਉਹ ਵੀ ਸਰੀਰ ਸਮੇਤ ਅੰਤਰ-ਧਿਆਨ ਹੋ ਚੁੱਕੇ ਸਨ।

ਮੀਰਾ ਬਾਈ ਜੀ ਨੇ ਆਪਣੇ ਗੁਰੂ ਦੇ ਪਵਿੱਤਰ ਚਰਨ-ਚਿੰਨ੍ਹਾਂ ਦੀ ਚਿਰ-ਸਥਾਈ ਯਾਦਗਾਰ ਬਣਾਈ ਰੱਖਣ ਵਾਸਤੇ ਉਨ੍ਹਾਂ ਦੇ ਉੱਤੇ ਇਕ ਛੱਤਰੀ ਬਣਵਾ ਦਿੱਤੀ। ਚਿਤੌੜ ਵਿਚ ਗੁਰੂ ਰਵਿਦਾਸ ਜੀ ਦੀਆਂ ਯਾਦਗਾਰਾਂ ਦੇ ਰੂਪ ਵਿਚ ਸ਼ਰਧਾਲੂ ਭਗਤਾਂ ਲਈ 'ਰਵਿਦਾਸ ਜੀ ਦੀ ਛੱਤਰੀ' ਜਾਂ 'ਰਵਿਦਾਸ ਜੀ ਦੇ ਚਰਨ-ਚਿੰਨ੍ਹ' ਅੱਜ ਵੀ ਤੀਰਥ-ਅਸਥਾਨ ਬਣੇ ਹੋਏ ਹਨ।

ਗੁਰੂ ਰਵਿਦਾਸ ਜੀ ਨੇ ਖ਼ੁਦ ਆਪਣਾ ਕੋਈ ਪੰਥ ਕਾਇਮ ਕੀਤਾ ਹੋਵੇ, ਇਹ ਸੰਭਵ ਨਹੀਂ। ਕੋਈ ਵੀ ਪੁਜਿਆ ਹੋਇਆ ਸੰਤ ਮਹਾਤਮਾ ਇਸੇ ਗੁਰੂਡਮ ਤੇ ਪੰਥਵਾਦ ਦਾ ਪੱਖਪਾਤੀ ਨਹੀਂ ਹੁੰਦਾ। ਨਿਰਸੰਦੇਹ ਗੁਰੂ ਰਵਿਦਾਸ ਜੀ ਵੀ ਨਹੀਂ ਸਨ। ਪ੍ਰੰਤੂ ਰਵਿਦਾਸ ਜੀ ਦੇ ਮਤਵਾਦ ਦੀ ਇਕ ਪਰੰਪਰਾ ਚਲਦੀ ਰਹੀ, ਇਹ ਵੀ ਉੱਨਾ ਹੀ ਸੱਚ ਹੈ। ਉਸ ਸਿਲਸਿਲੇ ਵਿਚ ਅਨੇਕ ਸੰਤ ਮਹਾਤਮਾ ਹੋ ਚੁੱਕੇ ਹਨ। ਅੱਜ ਵੀ ਗੁਰੂ ਰਵਿਦਾਸ ਜੀ ਦੇ ਪੈਰੋਕਾਰ ਭਾਰਤ ਦੇ ਹਰ ਭਾਗ ਵਿਚ ਮਿਲਦੇ ਹਨ। ਇਹ ਪੈਰੋਕਾਰ ਮਹਾਰਾਸ਼ਟਰ, ਗੁਜਰਾਤ, ਰਾਜਸਥਾਨ, ਪੰਜਾਬ, ਉੱਤਰ ਪ੍ਰਦੇਸ਼, ਦਿੱਲੀ ਆਦਿ ਪ੍ਰਦੇਸ਼ਾਂ ਵਿਚ ਖਿਲਰੇ ਹੋਏ ਹਨ। ਗੁਰੂ ਰਵਿਦਾਸ ਜੀ ਦੇ ਪੈਰੋਕਾਰ ਆਪਣੇ ਆਪ ਨੂੰ ਰਵਿਦਾਸੀ, ਰੈਦਾਸੀ, ਰਾਮਦਾਸੀ, ਘੁਸਿਆ, ਚਮਾਰ, ਚਰਮਕਾਰ, ਰੈਗਰ, ਖਟੀਕ, ਜਟਿਆ, ਜਾਟਵ ਆਦਿ ਅਨੇਕ ਨਾਮਾਂ ਨਾਲ ਸੱਦਦੇ ਹਨ। ਸੰਨ 1891 ਈਸਵੀ ਦੀ ਮਰਦਮ ਸ਼ੁਮਾਰੀ ਦੇ ਅਨੁਸਾਰ ਰਵਿਦਾਸ ਜਾਤੀ ਜਾਂ ਇੰਜ ਕਹੋ ਕਿ ਰਵਿਦਾਸ ਪੰਥ ਦੇ ਲੋਕ 1157 ਉਪ ਜਾਤਾਂ ਵਿਚ ਵੰਡੇ ਹੋਏ ਪਾਏ ਗਏ ਹਨ।

ਰਵਿਦਾਸੀਆਂ ਦੀ ਐਨੀ ਵੱਡੀ ਗਿਣਤੀ ਨੂੰ ਦੇਖਦੇ ਹੋਇਆਂ ਸਹਿਜੇ ਹੀ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਗੁਰੂ ਰਵਿਦਾਸ ਜੀ ਦੇ ਪ੍ਰਚਾਰਕ ਸ਼ਿਸ਼ਾਂ ਦੀ ਇਕ ਖ਼ਾਸੀ ਲੰਮੀ ਪਰੰਪਰਾ ਹੈ ਅਤੇ ਉਨ੍ਹਾਂ ਦੇ ਵਲੋਂ ਆਪਣੇ ਗੁਰੂ ਦੀ ਪਵਿੱਤਰ ਯਾਦ ਵਿਚ ਜਗ੍ਹਾ-ਜਗ੍ਹਾ 'ਤੇ ਉਨ੍ਹਾਂ ਦੇ ਨਾਮ ਹੇਠ ਬਣਾਏ ਛੱਤਰੀ ਕੁੰਡ, ਬਾਉਲੀਆਂ, ਮੰਦਰ ਆਦਿ ਇਸ ਦੇ ਪ੍ਰਮਾਣ ਹਨ। ਇਨ੍ਹਾਂ ਯਾਦਗਾਰਾਂ ਦੇ ਖੰਡਰਾਤ ਜਾਂ ਪੂਰੇ ਰੂਪ ਅੱਜ ਵੀ ਪ੍ਰਾਪਤ ਹਨ। ਇਸ ਦਾ ਦੂਜਾ ਸਬੂਤ ਹੈ ਰਵਿਦਾਸ ਜੀ ਦੇ ਸ਼ਿਸ਼ਾਂ, ਪੈਰੋਕਾਰਾਂ,

ਨਾਮਲੇਵਿਆਂ, ਸ਼ਰਧਾਲੂਆਂ ਵਲੋਂ ਆਪਣੇ ਗੁਰੂ ਨੂੰ ਸੂਬਾਈ ਭੇਦ ਤੋਂ ਵੱਖਰੇ ਨਾਮਾਂ ਨਾਲ ਪੁਕਾਰਿਆ ਜਾਣਾ। ਬੰਗਾਲ ਵਿਚ ਇਨ੍ਹਾਂ ਦਾ ਨਾਮ ਰੂਈਦਾਸ, ਮਹਾਰਾਸ਼ਟਰ ਵਿਚ ਰੋਹੀਦਾਸ ਅਥਵਾ ਰੋਹਿਤਾਸ਼ਵ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿਚ ਰਵਿਦਾਸ ਅਤੇ ਰੈਦਾਸ ਅਤੇ ਪੰਜਾਬ ਵਿਚ ਰੈਦਾਸ, ਰਵਿਦਾਸ ਅਤੇ ਰਾਮਦਾਸ ਨਾਮ ਖ਼ਾਸ ਤੌਰ ਤੇ ਪ੍ਰਚਲਿਤ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ (ਜਿਸ ਵਿਚ ਆਪ ਦੇ 39 ਪਦ ਸ਼ਾਮਿਲ ਕੀਤੇ ਹੋਏ ਮਿਲਦੇ ਹਨ) ਇਨ੍ਹਾਂ ਦਾ ਨਾਮ 'ਰਵਿਦਾਸ' ਹੀ ਵਰਤਿਆ ਗਿਆ ਮਿਲਦਾ ਹੈ। ਵਾਸਤਵ ਵਿਚ ਇਹੋ ਹੀ ਉਨ੍ਹਾਂ ਦਾ ਅਸਲ ਨਾਮ ਹੈ। ਜਿਵੇਂ ਕਿ ਪਹਿਲਾਂ ਲਿਖਿਆ ਜਾ ਚੁੱਕਾ ਹੈ, ਰਵਿਵਾਰ ਦੇ ਦਿਨ ਪੈਦਾ ਹੋਣ ਦੇ ਕਾਰਣ ਇਨ੍ਹਾਂ ਦਾ ਨਾਮ 'ਰਵਿਦਾਸ' ਰਖਿਆ ਗਿਆ ਸੀ।

3. ਗੁਰੂ ਰਵਿਦਾਸ ਬਾਣੀ ਦੀਆਂ ਵਿਸ਼ੇਸ਼ਤਾਵਾਂ ਅਤੇ ਵਿਚਾਰਧਾਰਾ

ਸੰਤਾਂ-ਭਗਤਾਂ ਦੀ ਬਾਣੀ ਦੋਹਿਆਂ ਅਤੇ ਪਦਾਂ ਵਿਚ ਪ੍ਰਾਪਤ ਹੁੰਦੀ ਹੈ। ਗੁਰੂ ਰਵਿਦਾਸ ਜੀ ਦੀ ਬਾਣੀ ਵੀ ਇਨ੍ਹਾਂ ਦੋ ਰੂਪਾਂ ਵਿਚ ਹੀ ਉਪਲਬਧ ਹੈ।

ਗੁਰੂ ਰਵਿਦਾਸ ਜੀ ਦੀ ਬਾਣੀ ਦੀਆਂ ਆਪਣੀਆਂ ਕਈ ਵਿਸ਼ੇਸ਼ਤਾਵਾਂ ਹਨ। ਉਨ੍ਹਾਂ ਨੂੰ ਪਿਛੋਂ ਆਉਣ ਵਾਲੇ ਸੰਤਾਂ, ਭਗਤਾਂ, ਵਿਦਵਾਨਾਂ ਤੇ ਆਲੋਚਕਾਂ ਨੇ ਵੀ ਸਵੀਕਾਰ ਕੀਤਾ ਹੈ ਅਤੇ ਉਨ੍ਹਾਂ ਦੀ ਦਿਲ ਖੋਲ੍ਹ ਕੇ ਪ੍ਰਸੰਸਾ ਵੀ ਕੀਤੀ ਹੈ। ਰਵਿਦਾਸ ਜੀ ਇਕ ਬਹੁਤ ਹੀ ਨਿਮਰਤਾ ਵਾਲੇ, ਰਾਗ-ਦ੍ਵੈਖ ਤੋਂ ਰਹਿਤ, ਖੰਡਨ ਤੇ ਮੰਡਨ ਦੀ ਪ੍ਰਵਿਰਤੀ ਤੋਂ ਰਹਿਤ ਉੱਚੇ ਦਰਜੇ ਦੇ ਸੰਤ ਕਵੀ ਸਨ। ਇਸ ਲਈ, ਉਨ੍ਹਾਂ ਦੀ ਬਾਣੀ ਵੀ ਉਨ੍ਹਾਂ ਦੀ ਹੀ ਤਰ੍ਹਾਂ ਸਰਸ, ਸਰਲ ਅਤੇ ਸਮਝ ਪੈਣ ਵਾਲੀ ਹੈ, ਪ੍ਰੰਤੂ ਉੱਦਾਤ (ਉਚੇਰੇ) ਵਿਚਾਰਾਂ ਅਤੇ ਭਗਤੀ ਭਾਵਨਾ ਨਾਲ ਭਰਪੂਰ ਹੈ। ਉਸ ਵਿਚ ਕਿਧਰੇ ਕਿਸੇ ਕਿਸਮ ਦੀ ਵੀ ਕੌੜੀ ਭਾਵਨਾ ਜਾਂ ਭੜਕਾਹਟ ਨਹੀਂ ਪਾਈ ਜਾਂਦੀ। ਸੰਤ ਨਾਭਦਾਸ ਜੀ ਨੇ ਰਵਿਦਾਸ ਬਾਣੀ ਨੂੰ 'ਸੰਦੇਹ ਗ੍ਰੰਥਿ ਖੰਡਨ ਨਿਪੁਨ' ਦੇ ਨਾਲ ਨਾਲ 'ਵਿਮਲ ਬਾਨਿ' ਦਾ ਨਾਮ ਵੀ ਬਹੁਤ ਹੀ ਢੁੱਕਵਾਂ ਅਤੇ ਸਹੀ ਦਿੱਤਾ ਹੈ। ਉਨ੍ਹਾਂ ਨੇ ਆਪਣੇ 'ਭਗਤਮਾਲ' ਵਿਚ ਰਵਿਦਾਸ ਜੀ ਦੇ ਸੰਬੰਧ ਵਿਚ ਜਿਹੜੀ ਜਸ-ਕੀਰਤੀ ਗਾਈ ਹੈ ਉਹ ਉਨ੍ਹਾਂ ਦੀਆਂ ਬਾਣੀਗਤ ਵਿਸ਼ੇਸ਼ਤਾਵਾਂ ਅਤੇ ਸ਼ਖ਼ਸੀਅਤ ਦਾ ਸੰਪੂਰਨ ਅਤੇ ਸੱਚਾ-ਸੁੱਚਾ ਪ੍ਰਗਟਾਵਾ ਕਰਦੀ ਹੈ :

ਸੰਦੇਹ ਗ੍ਰੰਥ ਖੰਡਨ-ਨਿਪੁਨ ਬਾਨਿ ਬਿਮਲ ਰਵਿਦਾਸ ਕੀ
ਸਦਾਚਾਰ ਸੁਰਤਿ ਸ਼ਾਸਤ੍ਰ ਬਚਨ ਅਬਿਰੁਧ ਉਚਾਰਯੋ।
ਨੀਰ ਛੀਰ ਬਿਬਰਨ ਪਰਮ ਹੰਸਨਿ ਉਰ ਧਾਰਯੋ।
ਭਗਵਤ ਕ੍ਰਿਪਾ ਪਰਮ ਗਤਿ ਇਹਿ ਤਨੁ ਪਾਈ।
ਰਾਜ ਸਿੰਹਾਸਨ ਬੈਠਿ ਗਯਾਤਿ ਪਰਤੀਤਿ ਦਿਖਾਈ।
ਬਰਨਾਸ੍ਰਮ ਅਭਿਮਾਨ ਤਜਿ ਪਦ ਰਜ ਬੰਦਹਿ ਜਾਸੁ ਕੀ।
ਸੰਦੇਹ ਗ੍ਰੰਥਿ ਖੰਡਨ ਨਿਪੁਨ ਬਾਨਿ ਬਿਮਲ ਰਵਿਦਾਸ ਕੀ ॥

ਰਵਿਦਾਸ ਦੀ ਬਾਣੀ ਸੰਦੇਹ ਗ੍ਰੰਥਿ (ਸ਼ੰਕਾਵਾਂ) ਨੂੰ ਸੁਲਝਾਉਣ ਵਿਚ, ਸੱਚ-ਝੂਠ ਦਾ ਬਿਬੇਕ ਕਰਵਾਉਣ ਵਿਚ ਪਰਮ ਸਹਾਇਕ ਹੈ । ਉਹ ਅਤਿਅੰਤ ਵਿਮਲ (ਸਾਫ਼ ਸੁਥਰੀ) ਹੈ । ਰਵਿਦਾਸ ਜੀ ਨੇ ਜਿਸ ਆਚਾਰ-ਪੱਧਤੀ ਦੀ ਪੈਰਵੀ ਕੀਤੀ ਅਤੇ ਜਿਨ੍ਹਾਂ ਵਿਚਾਰਾਂ ਦਾ ਪ੍ਰਚਾਰ ਕੀਤਾ, ਜਿਹੜੇ ਉਪਦੇਸ਼ ਦਿੱਤੇ ਉਹ ਵੇਦ ਸ਼ਾਸਤਰਾਂ ਦੇ ਅਨੁਸਾਰ ਹੀ ਸਨ । ਉਹ ਸਾਰੇ ਵੇਦ ਦੇ ਕਥਨ ਮੁਤਾਬਿਕ ਸਨ । ਉਨ੍ਹਾਂ ਵਿਚਾਰਾਂ ਅਤੇ ਉਪਦੇਸ਼ਾਂ ਨੂੰ ਨੀਰ-ਖੀਰ (ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ) ਬਿਬੇਕ ਵਾਲੇ, ਭਲੇ ਬੁਰੇ, ਪਾਪ-ਪੁੰਨ ਦੇ ਗਿਆਨ ਦੀ ਸਮਰਥਾ ਰੱਖਣ ਵਾਲੇ ਸੰਤ ਮਹਾਤਮਾ ਆਦਿ ਵੀ ਸਵੀਕਾਰ ਕਰਦੇ ਅਤੇ ਉਨ੍ਹਾਂ ਦਾ ਪਾਲਣ ਕਰਦੇ ਸਨ । ਰਵਿਦਾਸ ਨੇ ਭਗਵਤ-ਕਿਰਪਾ ਨਾਲ ਜੀਊਂਦੇ ਜੀਅ ਹੀ ਪਰਮਗਤੀ (ਜਾਂ ਪਰਮਪਦ) ਪ੍ਰਾਪਤ ਕਰ ਲਈ ਸੀ । ਉਹ ਜੀਵਨ ਮੁਕਤ ਸਨ । ਉਨ੍ਹਾਂ ਨੇ ਇਸ ਉੱਚਤਮ ਪਦ ਨੂੰ ਪ੍ਰਾਪਤ ਕਰਕੇ ਆਪਣੇ ਕੁੱਲ ਦੀ ਉੱਚਤਾ ਦਾ ਗਿਆਨ ਸੰਸਾਰ ਨੂੰ ਕਰਵਾਇਆ । ਵੱਡੇ ਵੱਡੇ ਸੰਤ-ਮਹਾਤਮਾ ਅਤੇ ਵਿਦਵਾਨ ਆਪਣੇ ਵਰਣ ਅਤੇ ਆਸ਼ਰਮ ਦਾ ਘੁਮੰਡ ਛੱਡ ਕੇ ਉਨ੍ਹਾਂ ਦੇ ਚਰਣਾਂ ਦੀ ਪੂਜਾ ਕਰਦੇ ਸਨ । ਰਵਿਦਾਸ ਦੀ ਬਾਣੀ ਸਭ ਕਿਸਮ ਦੇ ਸ਼ੰਕਿਆਂ ਨੂੰ ਦੂਰ ਕਰਨ ਵਾਲੀ ਹੈ ।

ਗੁਰੂ ਰਵਿਦਾਸ ਬਾਣੀ ਦੀਆਂ ਭਾਵ ਅਤੇ ਸ਼ੈਲੀਗਤ ਵਿਸ਼ੇਸ਼ਤਾਵਾਂ ਉੱਤੇ ਵਿਚਾਰ ਕਰਦੇ ਹੋਏ ਆਚਾਰੀਆ ਹਜ਼ਾਰੀ ਪ੍ਰਸਾਦ ਦ੍ਵਿਵੇਦੀ ਆਪਣੇ 'ਹਿੰਦੀ ਸਾਹਿਤਯ' ਵਿਚ ਲਿਖਦੇ ਹਨ, "ਆਡੰਬਰ ਰਹਿਤ ਸਹਿਜ ਸ਼ੈਲੀ ਅਤੇ ਕੋਰੇ ਮਾਸੂਮ ਆਤਮ-ਸਮਰਪਣ ਦੇ ਖੇਤਰ ਵਿਚ ਰਵਿਦਾਸ ਦੇ ਨਾਲ ਘਟ ਸੰਤਾਂ ਦੀ ਤੁਲਨਾ ਕੀਤੀ ਜਾ ਸਕਦੀ ਹੈ । ਜੇ ਦਿਲ ਦੇ ਡੂੰਘੇ ਭਾਵਾਂ ਦਾ ਅਰਥ-ਸੰਚਾਰ ਕਾਵਿ ਦਾ ਉੱਤਮ ਗੁਣ ਹੋਵੇ ਤਾਂ ਨਿਰਸੰਦੇਹ ਰਵਿਦਾਸ ਦੇ ਭਜਨ ਇਸ ਗੁਣ ਨਾਲ ਮਾਲਾਮਾਲ ਹਨ । ਸਿੱਧੇ ਸਾਦੇ ਪਦਾਂ ਵਿਚ ਸੰਤ ਕਵੀ ਦੇ ਵਡੇਰੇ ਤੇ ਉਚੇਰੇ ਭਾਵ ਬੜੀ ਸਫ਼ਾਈ ਨਾਲ ਪ੍ਰਗਟ ਹੋਏ ਹਨ ਅਤੇ ਉਹ ਆਪਣੇ ਆਪ ਹੀ ਸੁਹਿਰਦ ਜਨਾਂ ਨੂੰ ਪ੍ਰਭਾਵਿਤ ਕਰਦੇ ਹਨ । ਉਨ੍ਹਾਂ ਦਾ ਆਤਮ-ਨਿਵੇਦਨ, ਦੀਨਤਾ ਦਾ ਭਾਵ ਅਤੇ ਸਹਜ ਭਗਤੀ ਇਸੇ ਸ਼੍ਰੇਣੀ ਦੇ ਭਾਵ ਪਾਠਕ ਦੇ ਹਿਰਦੇ ਵਿਚ ਸੰਚਾਰਤ ਕਰਦੇ ਹਨ । ਇਸੇ ਨੂੰ ਕਾਵਿ ਵਿਚ ਅਰਥ-ਸੰਚਾਰ ਦਾ ਗੁਣ ਕਹਿੰਦੇ ਹਨ ।"

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦੀ ਬਾਣੀ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਨਾਲ ਭਰੀ ਪੂਰੀ ਹੈ ।

ਜਿਵੇਂ ਕਿ ਮੁਢ ਵਿਚ ਲਿਖਿਆ ਜਾ ਚੁੱਕਾ ਹੈ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਹੋਰਾਂ ਸੰਤਾਂ-ਭਗਤਾਂ ਵਾਂਗ ਦੋਹਿਆਂ ਤੇ ਪਦਿਆਂ ਦੇ ਰੂਪ ਵਿਚ ਮਿਲਦੀ ਹੈ । ਦੋਹਿਆਂ ਨੂੰ ਸਾਖੀ ਕਹਿੰਦੇ ਹਨ । ਇਸ ਲਈ ਕਿ ਇਹ ਸਾਖੀਆਂ ਸੰਤਾਂ-ਭਗਤਾਂ ਦੇ ਉਪਦੇਸ਼ਾਂ ਦੇ,

ਉਨ੍ਹਾਂ ਦੀਆਂ ਸਿੱਖਿਆਵਾਂ ਦੇ ਪ੍ਰਤੱਖ ਰੂਪ ਹਨ, ਉਨ੍ਹਾਂ ਦੇ ਅਨੁਭਵਾਂ ਦੇ ਸਾਰ-ਵਚਨ ਹਨ। ਇਸੇ ਕਾਰਣ ਸੰਤ ਕਬੀਰ ਨੇ ਸਾਖੀਆਂ ਨੂੰ 'ਗਿਆਨ ਦੀ ਅੱਖ' ਕਹਿ ਕੇ ਇਨ੍ਹਾਂ ਤੋਂ ਬਿਨਾਂ ਸੰਸਾਰ ਦੇ ਝਮੇਲਿਆਂ ਤੋਂ ਛੁਟਕਾਰਾ ਪਾਉਣਾ ਅਸੰਭਵ ਦੱਸਿਆ ਹੈ :

ਸਾਖੀ ਆਖੀ ਗਿਆਨ ਕੀ ਸਮੁਝਿ ਲੇਹੁ ਮਨ ਮਾਹਿ।
ਬਿਨ ਸਾਖੀ ਸੰਸਾਰ ਕਾ ਝਗਰਾ ਛੂਟਤ ਨਾਹਿ॥

ਇਸੇ ਤਰ੍ਹਾਂ 'ਪਦ' ਵੀ ਸੰਤਾਂ-ਭਗਤਾਂ ਵਲੋਂ ਜਨ-ਭਾਸ਼ਾ ਵਿਚ ਰਾਗ-ਰਾਗਨੀਆਂ ਦੇ ਮਾਧਿਅਮ ਨਾਲ ਪ੍ਰਗਟ ਕੀਤੇ ਗਏ ਉਨ੍ਹਾਂ ਦੇ ਹਿਰਦੇ ਦੀਆਂ ਡੂੰਘਾਈਆਂ ਵਿਚੋਂ ਨਿਕਲੇ ਹੋਏ ਭਗਤੀ ਰਸ ਦੇ ਸਰਸ ਅਨੁਭਵ ਤੇ ਉਦਗਾਰ ਹਨ।

ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਸਾਨੂੰ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਭਗਤੀ ਸਾਧਨਾ ਦੇ ਨਾਲ ਨਾਲ ਉਨ੍ਹਾਂ ਦੀ ਵਿਚਾਰਧਾਰਾ ਦੇ ਭਰਪੂਰ ਦਰਸ਼ਨ ਹੁੰਦੇ ਹਨ। ਉਨ੍ਹਾਂ ਦੇ ਦਾਰਸ਼ਨਿਕ, ਧਾਰਮਿਕ, ਸਮਾਜਿਕ, ਨੈਤਿਕ, ਆਰਥਿਕ ਅਤੇ ਰਾਜਨੀਤਕ ਵਿਚਾਰਾਂ ਦੀ ਇਕ ਚੰਗੀ ਤਰ੍ਹਾਂ ਸਪਸ਼ਟ ਤੇ ਸਰਬਪੱਖੀ ਝਾਕੀ ਸਾਨੂੰ ਉਨ੍ਹਾਂ ਦੀਆਂ ਸਾਖੀਆਂ ਅਤੇ ਪਦਿਆਂ ਵਿਚ ਮਿਲ ਜਾਂਦੀ ਹੈ।

ਰਵਿਦਾਸ ਜੀ ਨੇ ਸਰਵ-ਉੱਚ ਸ਼ਕਤੀ ਨੂੰ ਵੇਦਾਂਤੀਆਂ ਦੀ ਭਾਸ਼ਾ ਵਿਚ ਬ੍ਰਹਮ ਹੀ ਕਿਹਾ ਹੈ ਅਤੇ ਉਸਨੂੰ 'ਪੂਰਨ ਬ੍ਰਹਮ ਬਸੇ ਸਬ ਠਾਈਂ' ਦੱਸ ਕੇ ਪੂਰਨ ਅਤੇ ਸਰਬ-ਵਿਆਪਕ ਮੰਨਿਆ ਹੈ। 'ਚਰਨ ਪਤਾਲ ਸੀਸ ਅਸਮਾਨਾ' ਰਾਹੀਂ ਬ੍ਰਹਮ ਦਾ ਵਿਰਾਟ ਰੂਪ ਪ੍ਰਗਟ ਕਰਦੇ ਹੋਏ ਉਹ ਉਸਦੇ ਵਿਸ਼ੇ ਵਿਚ ਸਪਸ਼ਟ ਕਹਿੰਦੇ ਹਨ :

ਆਦਿ ਮਧ੍ਯ ਔਸਾਨ ਏਕ ਰਸ, ਏਕ ਤਾਰ ਹੈ ਭਾਈ।
ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹੈ ਹਰਿ ਰਾਈ।
ਸਰਵੇਸਵਰ ਸਰਵੰਗੀ ਸਰਬਗਤਿ, ਕਰਤਾ ਹਰਤਾ ਸੋਈ।
ਦ੍ਰਿਸਟਿ ਆਦ੍ਰਿਸਟਿ ਗੇਯ ਅਰੁ ਗਯਾਤਾ, ਏਕਮੇਕ ਹੈ 'ਰਵਿਦਾਸਾ'।

ਉਹ ਪਾਰਬ੍ਰਹਮ ਅਨਿਰਵਚਨੀਯ ਹੈ, ਅਰਥਾਤ ਉਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ :

1. ਜਸ ਹਰਿ ਕਹੀਏ ਤਸ ਹਰਿ ਨਾਹੀ, ਹੈ ਅਸ ਜਸ ਕਛੁ ਤੈਸਾ।
2. ਕਹੈ 'ਰਵਿਦਾਸ' ਅਕਥ ਕਥਾ, ਉਪਨਿਸ਼ਦ ਸੁਨੀਜੈ।
   ਜਸ ਤੂੰ ਤਸ ਤੂੰ ਹੀ, ਕਸ ਔਪਮ ਦੀਜੈ॥

ਰਵਿਦਾਸ ਜੀ ਉਸ ਅਨਿਰਵਚਨੀਯ ਬ੍ਰਹਮ ਦਾ ਉਪਨਿਸ਼ਦਾਂ ਦੀ ਤਰ੍ਹਾਂ ਵਿਸ਼ੇਸ਼ਣਾਂ ਰਾਹੀਂ ਵਰਨਣ ਕਰਦੇ ਹਨ :

ਨਿਸਚਲ ਨਿਰਾਕਾਰ ਅਜ ਅਨੁਪਮ, ਨਿਰਭੈ ਗਤਿ ਗੋਬਿੰਦਾ।
ਅਗਮ ਅਗੋਚਰ ਅਛਰ ਅਤਰਕ, ਨਿਰਗੁਨ ਅਤਿ ਅਨੰਦਾ॥

ਗੁਰੂ ਰਵਿਦਾਸ ਜੀ ਦਰਸ਼ਨ ਦੀ ਭਾਸ਼ਾ ਵਿਚ ਅਦਵੈਤਵਾਦੀ ਹਨ। ਉਹ ਬ੍ਰਹਮ ਅਤੇ ਜੀਵਆਤਮਾ ਵਿਚ ਕੋਈ ਭੇਦ ਨਹੀਂ ਮੰਨਦੇ। ਉਨ੍ਹਾਂ ਦੇ ਮਤ ਅਨੁਸਾਰ :

ਕਨਕ ਕੁਟਕ ਸੁਤ ਪਟ ਜੁਦਾ, ਰਜੁ ਭੁਅੰਗ ਭ੍ਰਮ ਜੈਸਾ।
ਜਲ ਤਰੰਗ ਪਾਹਨ ਪ੍ਰਤਿਮਾ ਜਯੋਂ, ਬ੍ਰਹਮ ਜੀਵ ਦੁਤਿ ਐਸਾ।

ਅਤੇ ਇਸ ਦਵੈਤ ਭਾਵ ਦਾ ਕਾਰਣ 'ਮਾਇਆ' ਹੈ, ਜਿਸਨੂੰ ਉਨ੍ਹਾਂ ਨੇ 'ਕੇਸਵ ਵਿਕਟ ਮਾਯਾ ਤੋਰ' ਕਹਿ ਕੇ ਬਹੁਤ ਹੀ ਡਾਢੀ ਦੱਸਿਆ ਹੈ। ਉਸਦੀ ਪ੍ਰਬਲਤਾ ਬਾਰੇ ਗੁਰੂ ਰਵਿਦਾਸ ਜੀ ਦਾ ਕਥਨ ਹੈ :

ਬਰਜਿ ਹੋ ਬਰਜਿ ਬੀਠਲੇ, ਮਾਯਾ ਜਗ ਖਾਯਾ।
ਮਹਾ ਪ੍ਰਬਲ ਸਬ ਹੀ ਸਨ, ਯੇ ਸੁਰ ਨਰ ਮੁਨਿ ਭਰਮਾਯਾ।
ਜੋਗੀ ਜਤੀ ਤਪੀ ਸੰਨਿਆਸੀ, ਪੰਡਿਤ ਰਹਨ ਨ ਪਾਵੈ।

ਇਸ ਡਾਢੀ ਅਤੇ ਅਤਿ ਤਕੜੀ ਮਾਇਆ ਤੋਂ ਛੁਟਕਾਰਾ ਪਾਉਣ ਦਾ ਉਨ੍ਹਾਂ ਨੇ ਸਹਿਜ ਉਪਾਅ ਵੀ ਦੱਸਿਆ ਹੈ ਅਤੇ ਇਹ ਉਪਾਅ ਹੈ 'ਰਾਮ ਨਾਮ' ਦਾ ਜਾਪ :

ਕਹੈ 'ਰਵਿਦਾਸ' ਰਾਮ ਜਪਿ ਰਸਨਾ, ਮਾਇਆ ਕਹੈ ਸੰਗ ਰਹੈ ਰੇ।

ਰਵਿਦਾਸ ਜੀ ਨੇ 'ਜੋ ਦੀਸੈ ਸੋ ਹੋਈ ਬਿਨਾਸਾ' ਦੱਸਦਿਆਂ ਹੋਇਆਂ 'ਦੁਨੀਆ ਫਰਖਾਨੇ' ਕਿਹਾ ਹੈ। ਉਨ੍ਹਾਂ ਨੇ ਸੰਸਾਰ ਨੂੰ ਬਾਜੀ ਜਾਂ ਖੇਡ (ਪ੍ਰਭੂ ਦੀ ਲੀਲਾ) ਮੰਨਿਆ ਹੈ :

ਕਹਿ ਰਵਿਦਾਸ ਬਾਜੀ ਜਗੁ ਭਾਈ ॥[1]

ਅਤੇ ਇਸਨੂੰ ਦੁੱਖਾਂ ਦਾ ਘਰ ਕਿਹਾ ਹੈ :

ਜਤ ਦੇਖਉ ਤਤ ਦੁਖ ਕੀ ਰਾਸੀ ॥[2]

ਪਰ ਉਹ ਸੰਸਾਰ ਨੂੰ ਨਿਰਸੰਦੇਹ ਕਰਮ-ਖੇਤਰ ਦੇ ਰੂਪ ਵਿਚ ਸਵੀਕਾਰ ਕਰਦੇ ਹਨ ਜਦ 'ਮਾਨੁਖਾ ਅਵਤਾਰ ਦੁਲਭ' ਅਤੇ 'ਦੁਲਭ ਜਨਮੁ ਪੁੰਨ ਫਲ ਪਾਇਯੋ ਬਿਰਥਾ ਜਾਤ ਅਬਿਬੇਕੇ' ਕਹਿ ਕੇ ਮਨੁੱਖ ਨੂੰ ਜਗਾਉਂਦੇ ਅਤੇ ਪ੍ਰੇਰਿਤ ਕਰਦੇ ਹੋਏ ਉਸਨੂੰ ਤਸੱਲੀ ਦਿੰਦੇ ਹਨ ਕਿ :

ਅਬਕੀ ਬੇਰ ਸੁਕਿਰਤ ਕਰੀਜਾ,
ਬਹੁਰਿ ਨ ਯਹ ਗਢ ਪਾਯ ਵੇ।

ਗੁਰੂ ਰਵਿਦਾਸ ਜੀ ਜਮਾਂਦਰੂ ਤੌਰ ਤੇ ਭਗਤ ਹੁੰਦੇ ਹੋਏ ਵੀ ਇਕ ਮਹਾਨ ਕ੍ਰਾਂਤੀਕਾਰੀ ਸਮਾਜ-ਸੁਧਾਰਕ ਸਨ। ਅਤਿ ਕੋਮਲ ਹਿਰਦੇ ਦੇ ਹੋਣ ਕਾਰਣ ਆਮ ਲੋਕਾਂ ਦੀ ਪੀੜ ਦੇਖ ਕੇ ਉਹ ਸਹਿਜੇ ਹੀ ਪੰਘਰ ਜਾਇਆ ਕਰਦੇ ਸਨ। 'ਰਾਮ ਨਾਮ' ਨੂੰ ਸਭ

---

1. ਆਦਿ ਗ੍ਰੰਥ, ਪੰਨਾ 487
2. ਉਹੀ, ਪੰਨਾ 710

ਦੁੱਖਾਂ ਦੇ ਦੂਰ ਕਰਨ ਵਾਲੀ ਇਕੋ ਇਕ ਔਖਧ (ਦਵਾਈ) ਮੰਨ ਕੇ ਉਹ ਉਸੇ ਨੂੰ ਆਪਣੀ ਕਰਨੀ ਅਤੇ ਕਥਨੀ ਰਾਹੀਂ ਪ੍ਰਗਟ ਕਰਦੇ ਸਨ ਅਤੇ ਹੋਰਾਂ ਨੂੰ ਵੀ ਇਸਦੀ ਪ੍ਰੇਰਨਾ ਦਿੰਦੇ ਸਨ। ਇਹੋ ਕਾਰਣ ਹੈ ਕਿ ਉਨ੍ਹਾਂ ਦੀ ਬਾਣੀ ਵਿਚ ਉਨ੍ਹਾਂ ਦੇ ਧਾਰਮਿਕ ਅਤੇ ਸਮਾਜਿਕ ਵਿਚਾਰਾਂ ਦੀ ਵਿਆਖਿਆ ਸੁਤੇ ਸਿੱਧ ਹੋ ਗਈ ਹੈ।

ਧਰਮ ਦੇ ਖੇਤਰ ਵਿਚ ਬਾਹਰੀ ਆਡੰਬਰ ਤੇ ਕਰਮ-ਕਾਂਡ ਨੂੰ ਗੁਰੂ ਰਵਿਦਾਸ ਜੀ ਨੇ ਭਗਤੀ-ਭਾਵਨਾ ਤੋਂ ਬਿਨਾਂ ਵਿਅਰਥ ਦੱਸਿਆ ਹੈ। ਉਨ੍ਹਾਂ ਦਾ ਸਪਸ਼ਟ ਕਥਨ ਹੈ ਕਿ 'ਰਾਮ ਨਾਮ ਬਿਨ ਜੋ ਕਛੁ ਕਰੀਏ, ਸੋ ਸਬ ਭਰਮ ਕਹਾਈ।'

ਰਾਮ ਦਾ ਨਾਮ ਲੈ ਕੇ ਵਿਸ਼ੇ-ਭੋਗਾਂ ਵਿਚ ਫਸੇ ਹੋਏ ਸਾਧੂ ਭੇਖ ਧਾਰਨ ਕਰਨ ਵਾਲੇ ਲੋਕਾਂ ਨੂੰ ਗੁਰੂ ਰਵਿਦਾਸ ਜੀ ਬਹੁਤ ਭੈੜਾ ਸਮਝਦੇ ਹਨ। ਇਹੋ ਜਿਹੇ ਵਿਅਕਤੀਆਂ ਨੂੰ ਆਪ ਮਿੱਠੀ ਜਿਹੀ ਫਿਟ-ਲਾਹਨਤ ਦਿੰਦੇ ਹਨ :

ਭੇਖ ਲਿਯੋ ਪੈ ਭੇਦ ਨ ਜਾਨਯੋ, ਇਮ੍ਰਿਤ ਲੇਇ ਬਿਖੈ ਸੌਂ ਸਾਨਯੋ।
ਕਾਮ ਕ੍ਰੋਧ ਮੈਂ ਜਨਮ ਗੰਵਾਯੋ, ਸਾਧ ਸੰਗਤਿ ਮਿਲਿ ਰਾਮ ਨ ਗਾਯੋ॥

ਰਾਮ ਅਤੇ ਧਰਮ (ਸੱਚ) ਦਾ ਨਾ ਟੁੱਟਣ ਵਾਲਾ ਸੰਬੰਧ ਮੰਨਦਿਆਂ ਫ਼ੁਰਮਾਉਂਦੇ ਹਨ।

ਕਾਯਮ ਦਾਯਮ ਰਾਮ ਇਕ, ਦੋਯਮ ਸਤਿ ਇਮਾਨ।
'ਰਵਿਦਾਸ' ਰਾਮ ਅਰੁ ਸਤਿ ਬਿਨੁ, ਬਿਰਥਾ ਸਭ ਕਛੁ ਜਾਨ।

ਇਸ ਵਚਨ ਰਾਹੀਂ ਰਵਿਦਾਸ ਜੀ ਨੇ ਇਹ ਵਿਚਾਰ ਬਹੁਤ ਹੀ ਸਪਸ਼ਟ ਸ਼ੈਲੀ ਵਿਚ ਪ੍ਰਗਟ ਕੀਤਾ ਹੈ ਕਿ ਜੇ ਮਨੁੱਖ ਦੇ ਦਿਲ ਅੰਦਰ ਪ੍ਰਭੂ ਦਾ ਪ੍ਰੇਮ-ਪਿਆਰ ਅਤੇ ਧਰਮ ਬਾਰੇ ਨਿਹਚਾ ਨਹੀਂ ਹੈ ਤਾਂ ਉਸ ਦੀਆਂ ਸਾਰੀਆਂ ਸੰਸਾਰਿਕ ਪ੍ਰਾਪਤੀਆਂ ਫ਼ਜ਼ੂਲ ਹਨ। ਗੁਰੂ ਰਵਿਦਾਸ ਜੀ ਨੇ ਕਿਹਾ ਹੈ :

ਧਰਮ ਕਰਮ ਦੁਈ ਏਕ ਹੈ'।

ਆਪ ਨੇ ਧਰਮ ਦਾ ਪਰਯਾਇ ਜਾਂ ਸਮਾਨਵਾਚੀ ਕਰਮ, ਸਤਿਕਰਮ, ਸ੍ਵੈ ਕਰਮ ਅਤੇ ਸੱਚੇ ਆਚਰਨ ਨੂੰ ਮੰਨਿਆ ਹੈ। 'ਰਾਮ' ਅਤੇ 'ਸਤਿਕਰਮ' ਤੇ ਭਰੋਸਾ ਕਰਨ ਵਿਚ ਹੀ ਆਪ ਨੇ ਜੀਵਨ ਦੀ ਸਫ਼ਲਤਾ ਦੱਸੀ ਹੈ। ਆਪ ਕਰਮ ਕਰਨ ਦੀ ਇਕ ਲਾਜ਼ਮੀ ਸ਼ਰਤ ਵੀ ਲਾਉਂਦੇ ਹਨ ਅਤੇ ਉਹ ਹੈ—'ਨਿਸ਼ਕਾਮ ਕਰਮ-ਭਾਵਨਾ'। ਉਪਨਿਸ਼ਦਾਂ ਅਤੇ ਗੀਤਾ ਵਾਂਗ ਉਹ ਮਨੁੱਖ ਨੂੰ ਆਪਣੀ ਸੌ ਵਰ੍ਹੇ ਦੀ ਪੂਰੀ ਉਮਰ ਧਰਮ ਦੇ ਪਰਥਾਇ ਨਿਸ਼ਕਾਮ ਭਾਵ ਨਾਲ ਕਰਮ ਕਰਨ ਦਾ ਉਪਦੇਸ਼ ਦਿੰਦੇ ਹਨ। ਇਹੋ ਜਿਹਾ ਉਪਦੇਸ਼ ਆਪ ਕਿਉਂ ਦਿੰਦੇ ਹਨ ? ਇਸਦਾ ਕਾਰਣ ਆਪ ਦਾ ਦ੍ਰਿੜ੍ਹ ਵਿਸ਼ਵਾਸ ਹੈ, ਕਿ :

'ਰਵਿਦਾਸ' ਨਿਹਕਰਮੀ ਕਰਮ ਹੀ, ਮੇਲ ਕਰਾਏ ਰਾਮ।

ਰਵਿਦਾਸ ਜੀ ਅਨੁਸਾਰ ਸ੍ਵੈ-ਕਰਮ ਕਰਨਾ ਹੀ ਧਰਮ ਹੈ, ਤੇ ਇਹੋ ਭਗਤੀ ਹੈ। ਇਹੋ ਕਾਰਣ ਹੈ ਕਿ ਆਪ ਸ੍ਵੈ-ਕਰਮ (ਆਪਣੇ ਜੁੱਤੇ ਬਣਾਉਣ ਦੇ ਕਰਮ)

ਅਤੇ ਚੰਗੇ ਕਰਮਾਂ ਦੇ ਧਰਮ (ਸੁਕਰਮ) ਰਾਹੀਂ ਭਵਸਾਗਰ ਵਿਚੋਂ ਪਾਰ ਹੋਣ ਦੀ ਆਪਣੀ ਭਾਵਨਾ ਪ੍ਰਗਟ ਕਰਦੇ ਹਨ :

'ਰਵਿਦਾਸ' ਹੋ ਨਿਜ ਹੱਥਹਿੰ, ਰਾਖੋ ਰਾਂਬੀ ਆਰ ।
ਸੁਕਿਰਿਤ ਹੀ ਮਮ ਧਰਮ ਹੈ, ਤਾਰੈਗਾ ਭਵ ਪਾਰ ॥

ਪਰਮ ਭਗਵਤ ਰਵਿਦਾਸ ਜੀ ਪੂਰਨ ਮਾਨਵਤਾਵਾਦੀ ਸਨ । ਉਹ ਮਾਨਵ ਨੂੰ ਮਾਨਵ ਦੇ ਨਾਤੇ ਮਹੱਤਵ ਦਿੰਦੇ ਹਨ, ਧਨ, ਮਾਨ, ਮਰਯਾਦਾ, ਜ਼ਾਤੀ, ਖ਼ਾਨਦਾਨ ਆਦਿ ਦੇ ਕਾਰਣ ਨਹੀਂ । ਜ਼ਾਤੀਵਾਦ ਦੇ ਉਹ ਘੋਰ ਵਿਰੋਧੀ ਸਨ । ਆਪਣੇ ਯੁਗ ਦੀ ਜ਼ਾਤ ਪਾਤ ਦੇ ਰੋਗ ਦੀ ਅਤਿ ਨੂੰ ਦੇਖ ਕੇ ਆਪ ਨੇ ਦੁਖੀ ਤੇ ਬੇਚੈਨ ਹੋ ਕੇ ਫ਼ੁਰਮਾਇਆ ਸੀ :

ਜਾਤ ਪਾਤ ਕੇ ਫੇਰ ਮਹਿ, ਉਰਝਿ ਰਹਯੋ ਸਭ ਲੋਗ ।
ਮਾਨੁਖਤਾ ਕੂੰ ਖਾਤ ਹਇ, 'ਰਵਿਦਾਸ' ਜਾਤ ਕਰ ਰੋਗ ॥

ਅਤੇ ਅਸਲ ਹਾਲਤ ਦਾ ਸਹੀ ਸਹੀ ਚਿਤ੍ਰਣ ਕਰਦਿਆਂ ਹੋਇਆਂ ਆਪਣਾ ਵਿਚਾਰ ਸਪਸ਼ਟ ਕੀਤਾ ਹੈ, ਕਿ :

ਜਾਤ ਜਾਤ ਮੇਂ ਜਾਤ ਹੈ, ਜਯੋ ਕੇਲਨ ਮੇ ਪਾਤ ।
'ਰਵਿਦਾਸ' ਨ ਮਾਨੁਖ ਜੁੜ ਸਕੈ, ਜੋ ਲੋ ਜਾਤ ਨ ਜਾਤ ।

ਇਸੇ ਲਈ ਆਪ ਨੇ :

'ਰਵਿਦਾਸ' ਪੂਤ ਸਭ ਪ੍ਰਭ ਕੇ, ਕੋਊ ਨਹਿ ਜਾਤ ਕੁਜਾਤ ।

ਦੱਸਦਿਆਂ ਹੋਇਆਂ ਅਤੇ ਵੈਦਿਕ ਵਿਚਾਰਧਾਰਾ ਦੇ ਅਨੁਸਾਰ 'ਕਰਨੀ ਜਾਤ ਪਰਧਾਨ' ਉਤੇ ਬਲ ਦਿੰਦਿਆਂ ਹੋਇਆਂ ਕਿਹਾ ਹੈ :

'ਰਵਿਦਾਸ' ਜਨਮ ਕੇ ਕਾਰਨੈ, ਹੋਤ ਨ ਕੋਉ ਨੀਚ ।
ਨਰ ਕੂੰ ਨੀਚ ਕਰਿ ਡਾਰਿ ਹੈ, ਓਛੇ ਕਰਮ ਕੋ ਕੀਚ ।

ਆਪਣੀ ਉਪਰ ਦੱਸੀ ਸੋਚ ਦੇ ਕਾਰਣ ਹੀ ਰਵਿਦਾਸ ਜੀ ਨੇ ਮਨੁੱਖ ਦੇ ਸਦਾਚਾਰੀ ਜੀਵਨ ਬਤੀਤ ਕਰਨ ਉੱਤੇ ਬਹੁਤ ਜ਼ਿਆਦਾ ਜ਼ੋਰ ਦਿੱਤਾ ਹੈ । ਆਪ ਫ਼ੁਰਮਾਉਂਦੇ ਹਨ :

ਸਤਿ ਸੰਤੋਖ ਅਰੁ ਸਦਾਚਾਰ, ਜੀਵਨ ਕੋ ਆਧਾਰ ।
'ਰਵਿਦਾਸ' ਭਯੇ ਨਰ ਦੇਵਤੇ, ਜਿਨ ਤਿਆਗੇ ਪੰਚ ਬਿਕਾਰ ॥

ਦੇਵਤਾਪਨ ਪ੍ਰਾਪਤ ਕਰਨਾ ਮਨੁੱਖ ਦੇ ਜੀਵਨ ਦਾ ਮੁੱਖ ਅਤੇ ਅੰਤਮ ਲਕਸ਼ ਹੈ ਅਤੇ ਰਵਿਦਾਸ ਜੀ ਅਨੁਸਾਰ ਇੰਦਰੀਆਂ ਦਾ ਸੰਜਮ, ਅਰਥਾਤ ਵਿਸ਼ੇ-ਭੋਗਾਂ ਵੱਲ ਨਾ ਭੱਜਣਾ

ਇਸਦੀ ਪਹਿਲੀ ਅਤੇ ਆਖ਼ਰੀ ਸ਼ਰਤ ਹੈ ਕਿਉਂਕਿ ਜਿਸਨੇ ਆਪਣੀਆਂ ਇੰਦਰੀਆਂ 'ਤੇ ਜਿੱਤ ਪ੍ਰਾਪਤ ਕਰ ਲਈ ਹੈ ਉਹ ਵਿਅਕਤੀ ਹੀ ਪਰਮਪਦ (ਦੇਵਤਾਪਨ) ਦਾ ਹੱਕਦਾਰ ਹੁੰਦਾ ਹੈ :

ਜੋ ਬਸ ਰਾਖੇ ਇੰਦ੍ਰੀਆਂ, ਸੁਖ ਦੁਖ ਸਮਝਿ ਸਮਾਨ ।
ਸੋਉ ਅਮਰਿਤ ਪਦ ਪਾਇਗੋ, ਕਹਿ 'ਰਵਿਦਾਸ' ਬਖਾਨ ।

ਜੇ ਮਨੁੱਖ ਚਾਹੁੰਦਾ ਹੈ ਕਿ ਉਸਨੂੰ ਜੀਵਨ ਵਿਚ ਸੁੱਖ ਪ੍ਰਾਪਤ ਹੋਵੇ ਤਾਂ ਉਸ ਲਈ ਆਪਣੇ ਮਨ ਨੂੰ ਕਪਟ ਰਹਿਤ ਕਰਨਾ ਬਹੁਤ ਜ਼ਰੂਰੀ ਹੈ । ਉਸਨੂੰ ਚਾਹੀਦਾ ਹੈ ਕਿ ਉਹ ਨਾ ਕੁਮਾਰਗ ਨੂੰ ਜਾਵੇ ਅਤੇ ਨਾ ਦੁਸ਼ਟ ਅਤੇ ਕੁਮਾਰਗੀ ਲੋਕਾਂ ਦੀ ਸੰਗਤ ਵਿਚ ਰਹੇ । ਇਸਦੇ ਉਲਟ ਉਨੂੰ :

ਜੋ ਜਨ ਸੰਤ ਸੁਮਾਰਗੀ, ਤਿਨ ਪਾਂਯ ਲਾਗੋ 'ਰਵਿਦਾਸ'

ਗੁਰੂ ਰਵਿਦਾਸ ਜੀ ਆਜ਼ਾਦੀ ਦੇ ਪੱਖ ਵਿਚ ਹਨ । ਇਸੇ ਕਰਕੇ ਗ਼ੁਲਾਮੀ ਨੂੰ ਉਨ੍ਹਾਂ ਨੇ ਪਾਪ ਅਤੇ ਸਰਾਪ ਕਿਹਾ ਹੈ । ਉਨ੍ਹਾਂ ਦਾ ਕਥਨ ਹੈ 'ਪਰਾਧੀਨ' ਮਨੁੱਖ ਇਕ ਦਾਸ ਦਾ ਜੀਵਨ ਬਿਤਾਉਂਦਾ ਹੈ । ਉਸਨੂੰ ਕੋਈ ਪ੍ਰੇਮ ਨਹੀਂ ਕਰਦਾ ਸਗੋਂ ਉਸਦਾ ਸਭ ਨਿਰਾਦਰ ਕਰਦੇ ਹਨ । ਉਸਨੂੰ ਹੀਣ-ਭਾਵਨਾ ਨਾਲ ਦੇਖਿਆ ਜਾਂਦਾ ਹੈ । ਇਸ ਕਰਕੇ ਇਸ ਦੀਨ-ਹੀਣ ਜਾਂ ਪਤਿਤ ਜੀਵਨ ਤੋਂ ਬਚਣ ਲਈ ਤੇ ਮਨੁੱਖ ਨੂੰ ਸੁਤੰਤਰ ਜੀਵਨ ਜੀਉਣ ਲਈ ਯਤਨ ਕਰਨਾ ਚਾਹੀਦਾ ਹੈ । ਇਹ ਗ਼ੁਲਾਮੀ ਵਿਦੇਸ਼ੀ ਰਾਜ ਦੀ ਵੀ ਹੋ ਸਕਦੀ ਹੈ ਅਤੇ ਇੰਦਰੀਆਂ ਦੇ ਵਿਸ਼ੇ-ਭੋਗਾਂ ਦੀ ਵੀ । ਰਵਿਦਾਸ ਜੀ ਨਿਰਸੰਦੇਹ ਦੋਹਾਂ ਕਿਸਮਾਂ ਦੀ ਗ਼ੁਲਾਮੀ ਤੋਂ ਆਜ਼ਾਦ ਹੋਣ ਲਈ ਸੰਦੇਸ਼ ਦਿੰਦੇ ਹਨ । ਉਨ੍ਹਾਂ ਦੀ 'ਸ੍ਵਰਾਜ' ਦੀ ਕਲਪਨਾ ਵੀ ਮਹਾਨ ਹੈ । ਉਹ 'ਰਾਮ ਰਾਜ' ਦੀ ਕਾਮਨਾ ਕਰਦੇ ਹਨ ਜਦ ਕਹਿੰਦੇ ਹਨ :

ਐਸਾ ਚਾਹੋਂ ਰਾਜ ਮੇਂ, ਜਹਾਂ ਮਿਲੇ ਸਬਨ ਕੋ ਅੰਨ ।
ਛੋਟ ਬੜੋ ਸਭ ਸਮ ਬਸੇ, 'ਰਵਿਦਾਸ' ਰਹੈ ਪਰਸੰਨ ॥

ਇਸੇ ਸੁੰਦਰ ਸ੍ਵਰਾਜ ਦੀ ਕਲਪਨਾ ਕਰਦੇ ਹੋਏ ਉਨ੍ਹਾਂ ਨੇ ਆਪਣੇ ਨਿਵਾਸ-ਸਥਾਨ ਨੂੰ 'ਬੇਗਮਪੁਰਾ' ਨਾਮ ਨਾਲ ਯਾਦ ਕੀਤਾ ਹੈ ਤੇ ਕਿਹਾ ਹੈ :

ਬੇਗਮਪੁਰਾ ਸਹਰ ਕੋ ਨਾਉ ਦੂਖੁ ਅੰਦੋਹੁ ਨਹੀ ਤਿਹਿ ਠਾਉ ॥[1]

ਸੰਖੇਪ ਵਿਚ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਜੀ ਪ੍ਰਭੂ-ਭਗਤ, ਪਰਮ ਧਾਰਮਿਕ, ਜ਼ਾਤ ਪਾਤ ਦੇ ਕੱਟੜ ਵਿਰੋਧੀ, ਮਨੁੱਖੀ ਬਰਾਬਰੀ ਦੇ ਤਕੜੇ ਸਮਰਥਕ,

---

1. ਆਦਿ ਗ੍ਰੰਥ, ਪੰਨਾ 345

ਵਿਸ਼ਿਆਂ-ਭੋਗਾਂ ਦਾ ਤਿਆਗ ਕਰਨ ਵਾਲੇ, ਸਰਬੱਤ ਦਾ ਭਲਾ ਮੰਗਣ ਵਾਲੇ, ਆਜ਼ਾਦੀ ਦੇ ਪੁਜਾਰੀ, ਸੁਤੰਤਰ ਚਿੰਤਕ ਅਤੇ ਉਦਾਰ ਤੇ ਉੱਦਾਤ ਵਿਚਾਰਾਂ ਦੇ ਮਾਲਕ ਅਤੇ ਪ੍ਰਚਾਰਕ ਮਹਾਪੁਰਖ ਸਨ। ਉਨ੍ਹਾਂ ਦੇ ਮੱਤ ਅਨੁਸਾਰ ਮਨੁੱਖੀ ਜੀਵਨ ਦਾ ਅੰਤਮ ਲਕਸ਼ ਪ੍ਰਭੂ-ਪ੍ਰਾਪਤੀ ਹੈ, ਮਾਨਵ ਸੇਵਾ ਤਪ ਹੈ। ਇਹੋ ਹੀ ਪ੍ਰਭੂ ਭਗਤੀ ਹੈ ਅਤੇ ਆਪਣਾ ਕਰਮ ਕਰਨਾ ਪ੍ਰਭੂ-ਪ੍ਰਾਪਤੀ ਦਾ ਸਹਿਜ ਸਾਧਨ ਹੈ।

4. ਗੁਰੂ ਰਵਿਦਾਸ ਜੀ ਦੀ ਭਗਤੀ ਭਾਵਨਾ ਤੇ ਭਗਤੀ ਸਾਧਨਾ

ਰਵਿਦਾਸ ਜੀ ਮੂਲ ਰੂਪ ਵਿਚ ਅਤੇ ਜਮਾਂਦਰੂ ਭਗਤ ਹਨ । ਉਹ ਇਸ ਦੁਰਲਭ 'ਮਾਨਵ ਜਨਮ' ਦੀ ਸਫਲਤਾ ਭਗਤੀ ਕਰਨ ਵਿਚ ਮੰਨਦੇ ਹਨ ਜਿਸ ਨਾਲ ਜਨਮ-ਮਰਨ ਦਾ ਗੇੜ ਮੁੱਕ ਜਾਂਦਾ ਹੈ ਤੇ ਮੁਕਤੀ ਮਿਲਦੀ ਹੈ । ਇਸ ਕਰਕੇ ਹੀ ਰਵਿਦਾਸ ਜੀ ਫ਼ੁਰਮਾਉਂਦੇ ਹਨ :

ਤੁਮਰੇ ਭਜਨ ਕਰਹਿ ਜਮ ਫਾਂਸਾ, ਭਗਤੀ ਹੇਤ ਗਾਵੈ 'ਰਵਿਦਾਸਾ' ।

ਅਤੇ

ਚਾਰਿ ਵੇਦ ਜਾਕੇ ਸੁਮਰਿਤਿ ਸਵਾਸਾ, ਭਗਤੀ ਹੇਤ ਗਾਵੈ 'ਰਵਿਦਾਸਾ' ।

ਬਚਨਾਂ ਰਾਹੀਂ ਪ੍ਰਭੂ ਭਗਤੀ ਲਈ ਉਨ੍ਹਾਂ ਨੇ ਪ੍ਰਭੂ ਦਾ ਗੁਣ ਗਾਇਨ ਕਰਨ ਦੀ ਗੱਲ ਕੀਤੀ ਹੈ । ਉਨ੍ਹਾਂ ਦਾ ਵਿਚਾਰ ਹੈ ਕਿ ਜਿਵੇਂ ਮਾਨਸ ਜਨਮ ਪੁੰਨ ਕਰਮਾਂ ਦੇ ਫਲਸਰੂਪ ਮਿਲਦਾ ਹੈ, 'ਦੁਲਭ ਜਨਮੁ ਪੁੰਨ ਫਲ ਪਾਇਓ' ਉਸੇ ਤਰ੍ਹਾਂ ਪ੍ਰਭੂ-ਭਗਤੀ ਵੀ ਬੜੇ ਭਾਗਾਂ ਵਾਲੇ ਨੂੰ ਹੀ ਮਿਲਦੀ ਹੈ :

ਕਹਿ ਰਵਿਦਾਸ ਤੇਰੀ ਭਗਤਿ ਦੂਰ ਹੈ, ਭਾਗ ਬੜੇ ਸੋ ਪਾਵੈ ।

ਪਰ ਭਗਤੀ ਕਰਨੀ ਅਸਾਨ ਖੇਡ ਨਹੀਂ । ਲੋਕ ਅੰਨ-ਜਲ ਦੇ ਦਾਨ, ਗਿਆਨ ਦੀਆਂ ਵੱਡੀਆਂ ਵੱਡੀਆਂ ਗੱਲਾਂ ਕਰਨ, ਘਰ ਵਾਰ ਛੱਡ ਕੇ ਜੰਗਲਾਂ ਜਾਂ ਪਰਬਤਾਂ ਦੀਆਂ ਗੁਫਾਵਾਂ ਵਿਚ ਜਾ ਬੈਠਣ ਆਦਿ ਨੂੰ ਹੀ ਭਗਤੀ ਕਹਿੰਦੇ ਹਨ । ਪਰ ਰਵਿਦਾਸ ਜੀ ਇਸਨੂੰ ਭਗਤੀ ਨਹੀਂ ਕਹਿੰਦੇ ਸਗੋਂ ਭਗਤੀ ਦਾ ਭਰਮ ਮਾਤਰ ਕਹਿੰਦੇ ਹਨ । ਅਸਲ ਵਿਚ ਭਗਤੀ ਤਾਂ ਪ੍ਰਭੂ ਨਾਲ ਸੱਚੀ ਲਗਨ ਹੈ :

ਰਾਮ ਨਾਮ ਬਿਨ ਜੇ ਕੁਝ ਕਰੀਏ, ਸੋ ਸਭ ਭਰਮ ਕਹਾਈ ।
ਭਗਤਿ ਨ ਰਸ ਦਾਨ ਭਗਤਿ ਨ ਕਥੈ ਗਯਾਨ,
ਭਗਤਿ ਨਾ ਬਨ ਮੇਂ ਗੁਫਾ ਖੁਦਾਈ ।
ਭਗਤਿ ਨ ਐਸੀ ਹਾਂਸੀ ।

ਕੁਝ ਲੋਕ ਭਗਤੀ ਲਈ ਸਾਧੂ ਸੰਤਾਂ ਦਾ ਭੇਖ ਧਾਰਨ ਕਰ ਲੈਂਦੇ ਹਨ ਪ੍ਰੰਤੂ ਉਨ੍ਹਾਂ

ਦੇ ਹਿਰਦੇ ਵਿਚ ਪ੍ਰਭੂ ਨਾਲ ਰੱਤੀ ਭਰ ਵੀ ਲਗਾਉ ਜਾਂ ਪਿਆਰ ਨਹੀਂ ਹੁੰਦਾ, ਇਸ ਕਰਕੇ ਇਹੋ ਜਿਹੇ ਲੋਕਾਂ ਪ੍ਰਤੀ ਰਵਿਦਾਸ ਜੀ ਲਿਖਦੇ ਹਨ ;

ਮਾਥੈ ਤਿਲਕ ਹਾਥ ਜਪ ਮਾਲਾ, ਜੱਗ ਠਗਨੇ ਕੂੰ ਸ੍ਵਾਂਗ ਬਨਾਯਾ ।
ਮਾਰਗ ਛਾਡਿ ਕੁਮਾਰਗ ਡਹਕੈ, ਸਾਚੀ ਪ੍ਰੀਤ ਬਿਨੁ ਰਾਮ ਨ ਪਾਯਾ ।

ਇਹੋ ਜਿਹੇ ਪਾਖੰਡੀ ਲੋਕਾਂ ਦੀ ਉਪਮਾ ਵਿਭਚਾਰਿਣੀ ਇਸਤ੍ਰੀਆਂ ਨਾਲ ਕੀਤੀ ਹੈ ਜੋ ਮੂੰਹੋਂ ਤੇ ਪਤੀਵਰਤਾ ਹੋਣ ਦਾ ਦਾਅਵਾ ਕਰਦੀਆਂ ਹਨ ਪਰ ਦਿਲੋਂ ਕਿਸੇ ਹੋਰ ਦੀਆਂ ਹੁੰਦੀਆਂ ਹਨ :

ਕਹਾ ਭਯੋ ਬਹੁ ਪਾਖੰਡ ਕੀਯੈ, ਹਰਿ ਹਿਰਦੇ ਸੁਪਿਨੈ ਨ ਆਨੈ ।
ਜਯੋਂ ਦਾਰਾ ਬਿਭਚਾਰਿਣੀ, ਮੁਖਿ ਪਤੀਬਰਤਾ ਸੀਯ ਆਨੇ ॥

ਭਗਤੀ ਲਈ ਗੁਰੂ ਰਵਿਦਾਸ ਜੀ ਇਕ ਵੱਡੀ ਸ਼ਰਤ ਲਾਉਂਦੇ ਹਨ । ਉਹ ਇਹ ਹੈ ਕਿ 'ਹਉਮੈ' ਦਾ ਤਿਆਗ ਕਰੋ, ਕਿਉਂਕਿ ਹੰਕਾਰ ਦਾ ਤਿਆਗ ਕਰਕੇ ਹੀ ਮਨੁੱਖ ਭਗਤੀ ਪ੍ਰਾਪਤ ਕਰ ਸਕਦਾ ਹੈ :

ਆਪ ਗਯੋ ਤਬ ਭਗਤਿ ਪਾਈ, ਐਸੀ ਭਗਤੀ ਹੈ ਮਾਈ ।

ਉਨ੍ਹਾਂ ਦਾ ਤਾਂ ਇਥੋਂ ਤੱਕ ਕਹਿਣਾ ਹੈ ਕਿ ਭਗਤੀ ਦੇ ਆਉਣ ਨਾਲ ਹੰਕਾਰ ਦਾ ਭਾਵ ਆਪਣੇ ਆਪ ਖ਼ਤਮ ਹੋ ਜਾਂਦਾ ਹੈ । ਹੰਕਾਰ ਰਹਿਤ ਸੱਚੀ ਭਗਤੀ ਨੂੰ ਰਵਿਦਾਸ ਜੀ ਇਕ ਉਦਾਹਰਣ ਰਾਹੀਂ ਬਹੁਤ ਹੀ ਸੁੰਦਰ ਢੰਗ ਨਾਲ ਸਪਸ਼ਟ ਕਰਦੇ ਹਨ :

ਤਜਿ ਅਭਿਮਾਨ ਮੇਟਿ ਆਪਾ ਪਰ, ਪਿਪਲਕ ਹ੍ਵੈ ਚੁਣਿ ਖਾਵੈ ।

ਜਿਵੇਂ ਮਿੱਟੀ ਵਿਚ ਖਿੱਲਰੀ ਹੋਈ ਸ਼ੱਕਰ ਨੂੰ ਇਕ ਛੋਟੀ ਜਿਹੀ ਕੀੜੀ ਤਾਂ ਚੁਣ ਕੇ ਖਾ ਸਕਦੀ ਹੈ ਪਰ ਵਿਸ਼ਾਲ ਆਕਾਰ ਦਾ ਹਾਥੀ ਉਸ ਨੂੰ ਨਹੀਂ ਖਾ ਸਕਦਾ ਹੈ, ਇਸੇ ਤਰ੍ਹਾਂ ਹੰਕਾਰ ਰਹਿਤ ਗ਼ਰੀਬ ਪ੍ਰਾਣੀ ਤਾਂ ਜਗਤ ਦੇ ਕਣ ਕਣ ਵਿਚ ਰਮੇ ਹੋਏ ਪਰਮਾਨੰਦ ਦੇ ਦਰਸ਼ਨ ਕਰ ਸਕਦਾ ਹੈ ਪ੍ਰੰਤੂ ਇਕ ਅਭਿਮਾਨੀ ਮਨੁੱਖ ਨੂੰ ਉਸ ਦੀ ਪ੍ਰਾਪਤੀ ਨਹੀਂ ਹੋ ਸਕਦੀ । ਇਸੇ ਲਈ ਉਨ੍ਹਾਂ ਨੇ ਭਗਤੀ ਪ੍ਰਥਾ ਨੂੰ ਉਪਨਿਸ਼ਦਾਂ ਦੇ ਵਚਨ ਦੇ ਮੁਤਾਬਿਕ ਹੀ ਖੰਡੇ ਦੀ ਧਾਰ ਵਾਂਗ ਤਿੱਖੀ ਤੇ ਨਿਕੀ ਕਿਹਾ ਹੈ :

ਆਗੈ ਪੰਥ ਖਰਾ ਹੈ ਝੀਨਾ, ਖਾਂਡੇ ਧਾਰ ਜੈਸਾ ਹੈ ਪੈਨਾ ।

ਪ੍ਰੇਮ ਦਾ ਪਿਆਲਾ ਮੰਗ਼ਣ ਵਾਲੇ ਅਵਧੂਤ ਨੂੰ ਇਸ ਦੇ ਬਦਲੇ ਵਿਚ ਸਿਰ ਤੱਕ ਦੇਣਾ ਪੈਂਦਾ ਹੈ :

ਦੇਹੁ ਕਲਾਲੀ ਏਕ ਪਿਆਲਾ, ਐਸਾ ਅਵਧੂ ਹੋ ਮਤਵਾਲਾ ।
ਕਹੈ ਕਲਾਲੀ ਪਿਆਲਾ ਦੇਉ, ਪੀਵਣ ਹਾਰੈ ਕਾ ਸਿਰ ਲੇਉਂ ॥

ਸੰਤ ਕਬੀਰ ਜੀ ਵੀ ਇਸੇ ਵਿਚਾਰ ਨੂੰ ਇੰਜ ਪੇਸ਼ ਕਰਦੇ ਹਨ ;

ਰਾਮ ਰਸਾਯਣ ਪ੍ਰੇਮ ਰਸ, ਪੀਵਤ ਅਧਿਕ ਰਸਾਲ ।
'ਕਬੀਰ' ਪੀਵਣ ਦੁਲਭ ਹੈ, ਮਾਂਗੇ ਸੀਸ ਕਲਾਲ ॥

ਭਗਤੀ ਜਾਂ ਪ੍ਰਭੂ-ਪਿਆਰ ਨੂੰ ਕਠਿਨ ਤੇ ਦੁਰਲਭ ਕਿਹਾ ਗਿਆ ਹੈ । ਇਹ ਇਸ ਕਾਰਣ ਹੈ ਕਿ ਮਨੁੱਖ ਦਾ ਮਾਇਆ ਤੋਂ ਦੂਰ ਰਹਿ ਸਕਣਾ ਕਠਿਨ ਹੈ । ਸੰਸਾਰਿਕ ਸੁੱਖਾਂ ਅਤੇ ਲੋਭਾਂ ਦੀ ਜ਼ਬਰਦਸਤ ਖਿੱਚ ਤੋਂ ਆਪਣੇ ਆਪ ਨੂੰ ਬਚਾ ਕੇ ਰੱਖਣਾ ਦਿਲ ਗੁਰਦੇ ਦਾ ਕੰਮ ਹੈ ਕਿਉਂਕਿ 'ਮਾਯਾ ਸਭ ਜਗ ਖਾਯਾ' । ਅਗਿਆਨਤਾ ਕਰਕੇ 'ਬਿਬੇਕ ਦੀਪ ਮਲੀਨ' ਹੋ ਜਾਂਦਾ ਹੈ । ਇਸ ਦੇ ਸਿੱਟੇ ਵਜੋਂ ਮਨੁੱਖ ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਪੰਜਾਂ ਵਿਕਾਰਾਂ ਵਿਚ ਫਸ ਕੇ ਦੁੱਖ ਪਾਉਂਦਾ ਹੈ :

ਕਾਮ ਭ੍ਰਮ ਕ੍ਰੋਧ ਭ੍ਰਮ, ਲੋਭ ਭ੍ਰਮ ਮੋਹ ਭ੍ਰਮ ।
ਪੰਜ ਸੰਗਯਾ ਮਿਲਿ ਪੀੜਯਾ ਪ੍ਰਾਣੀਆ ।

ਪਰ ਜਿਨ੍ਹਾਂ ਲੋਕਾਂ ਨੇ ਇਨ੍ਹਾਂ ਵਿਕਾਰਾਂ ਨੂੰ ਕਾਬੂ ਕਰ ਲਿਆ ਹੈ ਉਨ੍ਹਾਂ ਵਾਸਤੇ ਭਗਤੀ ਬਹੁਤ ਹੀ ਸਰਲ ਤੇ ਸਹਜ ਹੈ । ਰਵਿਦਾਸ ਜੀ ਦਾ ਕਥਨ ਹੈ ਕਿ ਪ੍ਰਭੂ-ਭਗਤ ਨੂੰ ਇਹ ਵਿਕਾਰ ਤੰਗ ਨਹੀਂ ਕਰ ਸਕਦੇ :

ਮੋਹ ਪਟਲ ਸਭੁ ਜਗਤੁ ਬਿਆਪਿਓ, ਭਗਤ ਨਹੀਂ ਸੰਤਾਪਾ ।

ਕਿਉਂਕਿ

ਸੰਪਤਿ ਵਿਪਤਿ ਪਟਲ ਮਾਯਾ ਧਨ, ਤਾਮਹਿੰ ਮਗਨ ਨਾ ਹੋਤ ਤੇਰੋ ਜਨ ।

ਇਸ ਤਰ੍ਹਾਂ ਰਵਿਦਾਸ ਜੀ ਅਨੁਸਾਰ ਜੋ ਵਿਅਕਤੀ ਇਨ੍ਹਾਂ ਵਿਕਾਰਾਂ ਦੇ ਵਸ ਵਿਚ ਨਹੀਂ ਹੁੰਦੇ ਉਹ ਆਪਣੇ ਆਪ ਪ੍ਰਭੂ-ਭਗਤੀ ਵੱਲ ਤੁਰੇ ਆਉਂਦੇ ਹਨ ਅਤੇ ਪ੍ਰਭੂ ਦੇ ਭਗਤ ਨੂੰ ਇਹ ਵਿਕਾਰ ਕਿਸੇ ਤਰ੍ਹਾਂ ਵੀ ਪੀੜਤ ਜਾਂ ਦੁੱਖੀ ਨਹੀਂ ਕਰ ਸਕਦੇ । ਇਸ ਹਾਲਤ ਵਿਚ ਹੀ ਪ੍ਰਭੂ ਭਗਤੀ ਸਰਲ ਤੇ ਸਹਜ ਹੋ ਜਾਂਦੀ ਹੈ । ਇਸ ਕਰਕੇ ਰਵਿਦਾਸ ਜੀ ਭਗਤੀ ਲਈ ਘਰ ਬਾਰ ਛੱਡ ਕੇ ਸੰਨਿਆਸ ਲੈਣ ਨੂੰ ਜ਼ਰੂਰੀ ਨਹੀਂ ਸਮਝਦੇ । ਉਨ੍ਹਾਂ ਦਾ ਪੱਕਾ ਯਕੀਨ ਹੈ ਕਿ :

1. ਨੇਕ ਕਮਾਈ ਜਉ ਕਰਹਿ, ਗ੍ਰਹ ਤਜਿ ਵਨ ਨਹਿ ਜਾਯ ।
   'ਰਵਿਦਾਸ' ਹਮਾਰੋ ਰਾਮ ਰਾਯ, ਗ੍ਰਹ ਮਹਿ ਮਿਲਹਿ ਆਯ ॥
2. ਜਿਹਵਾ ਸੋ ਓਂਕਾਰ ਜਪ, ਹੱਥਨ ਸੋਂ ਕਰ ਕਾਰ ।
   ਰਾਮ ਮਿਲਹਿ ਘਰ ਆਇ ਕਰ ਕਹਿ 'ਰਵਿਦਾਸ' ਵਿਚਾਰ ॥

ਸੰਖੇਪ ਵਿਚ ਰਵਿਦਾਸ ਜੀ ਦੇ ਮਤ ਅਨੁਸਾਰ ਮਨੁੱਖ ਵਲੋਂ ਨਿਸ਼ਕਾਮ ਭਾਵਨਾ ਨਾਲ ਕੀਤਾ ਗਿਆ ਹਰਿ ਦੇ ਨਾਮ ਦਾ ਸਿਮਰਨ, ਉਸਦਾ ਸਵੈ ਕਰਮ ਅਤੇ ਸਤਿ ਕਰਮ ਹੀ 'ਭਗਤੀ' ਹੈ ।

ਗੁਰੂ ਰਵਿਦਾਸ ਜੀ ਨੇ ਭਗਤੀ ਦੇ ਸਾਧਨ ਰੂਪ ਵਿਚ ਸ਼ਰਧਾ, ਸਤਿਸੰਗ ਅਤੇ ਨਾਮ ਜਪਣ ਉੱਤੇ ਬਹੁਤ ਵਧੇਰੇ ਬਲ ਦਿੱਤਾ ਹੈ । ਉਨ੍ਹਾਂ ਦਾ ਸਪਸ਼ਟ ਕਥਨ ਹੈ ਕਿ

ਸਤਿਸੰਗ ਤੋਂ ਬਿਨਾਂ ਸ਼ਰਧਾ-ਭਾਵ ਪੈਦਾ ਹੀ ਨਹੀਂ ਹੁੰਦਾ ਅਤੇ ਸ਼ਰਧਾ ਦੀ ਅਣਹੋਂਦ ਵਿਚ ਪ੍ਰਭੂ-ਭਗਤੀ ਬਿਲਕੁਲ ਅਸੰਭਵ ਹੈ :

ਸਾਧ ਸੰਗਤ ਬਿਨ ਭਾਉ ਨਹੀਂ ਉਪਜੈ,
ਭਾਉ ਬਿਨੁ ਭਗਤਿ ਨਾ ਹੋਇ ਤੇਰੀ ।।

ਪ੍ਰਭੂ ਦੀ ਭਗਤੀ ਦਾ ਆਧਾਰ 'ਨਾਮ' ਦਾ ਜਪ ਹੈ। ਸੰਤ ਨਾਮਦੇਵ ਜੀ ਫ਼ੁਰਮਾਉਂਦੇ ਹਨ :

ਤਤ ਗਹਨ ਕੋ ਨਾਮ ਹੈ, ਭਜ ਲੀਜੈ ਸੋਈ ।

ਰਵਿਦਾਸ ਜੀ ਨੇ ਵੀ ਨਾਮ ਦੀ ਮਹਿਮਾ ਸਵੀਕਾਰ ਕਰਦਿਆਂ ਹੋਇਆਂ ਕਲਜੁੱਗ ਵਿਚ ਮੁਕਤੀ ਅਤੇ ਸੁੱਖੀ ਜੀਵਨ ਦਾ ਇਕ ਮਾਤਰ ਆਧਾਰ 'ਨਾਮ' ਨੂੰ ਹੀ ਮੰਨਿਆ ਹੈ :

ਸਤਿ ਜੁਗਿ ਸਤਿ ਤੇਤਾ ਜਗੀ, ਦੁਆਪਰਿ ਪੂਜਾਚਾਰ ।
ਤੀਨੋਂ ਜੁਗ ਤੀਨੋਂ ਦਿੜੇ, ਕਲਿ ਕੇਵਲ ਨਾਮ ਅਧਾਰ ।

ਗੋਸੁਾਮੀ ਤੁਲਸੀਦਾਸ ਜੀ ਨੇ ਵੀ ਇਸੇ ਨਾਲ ਮਿਲਦੇ ਜੁਲਦੇ ਵਿਚਾਰ ਪ੍ਰਗਟ ਕੀਤੇ ਹਨ :

ਕਲਿਯੁਗ ਕੇਵਲ ਨਾਮ ਅਧਾਰਾ ।
ਸੁਮਰਿ ਸੁਮਰਿ ਨਰ ਉਤਰਈ ਧਾਰਾ ।।

ਇਸ 'ਨਾਮ' ਨੂੰ ਰਵਿਦਾਸ ਜੀ ਨੇ 'ਰਾਮ' ਦੀ ਸੰਗਿਆ ਜਾਂ ਨਾਮ ਦਿੱਤਾ ਹੈ ਤੇ ਕਿਹਾ ਹੈ :

ਨਾਨਾ ਖਿਆਨ ਪੁਰਾਨ ਵੇਦ ਬਿਧਿ ਚਉਤੀਸ ਅਛਰ ਮਾਹੀ ।
ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ।।

ਗੁਰੂ ਰਵਿਦਾਸ ਜੀ ਦਾ 'ਰਾਮ' ਦਸਰਥ ਦਾ ਪੁੱਤਰ ਰਾਮ ਨਹੀਂ, ਉਹ ਤਾਂ :

ਸਭ ਘਟ ਮਹਿ ਰਮਿ ਰਹਯੋ, 'ਰਵਿਦਾਸ' ਹਮਾਰੋ ਰਾਮ ।
ਸੋਈ ਬੂਝਈ ਰਾਮ ਕੂੰ, ਜੋ ਹੋਈ ਰਾਮ ਗ਼ੁਲਾਮ ।।

ਰਵਿਦਾਸ ਜੀ ਇਸੇ 'ਰਾਮ ਨਾਮ ਧਨ' ਦੇ ਵਪਾਰੀ ਸਨ । ਆਪ ਜੀ ਨੇ ਫ਼ੁਰਮਾਇਆ ਹੈ :

ਹਉ ਬਨਜਾਰੋ ਰਾਮ ਕੋ ।
ਮੈਂ ਰਾਮ ਨਾਮ ਧਨ ਲਾਦਿਆ, ਵਿਸ਼ ਲਾਦੀ ਸੰਸਾਰਿ ।।

ਰਾਸ-ਨਾਮ ਦੇ ਧਨ ਦਾ ਵਪਾਰ ਉਹ ਇਸੇ ਲਈ ਕਰਦੇ ਹਨ ਕਿਉਂਕਿ :

ਜਨ 'ਰਵਿਦਾਸ' ਰਾਮ ਰੰਗਿ ਰਾਤਾ ।
ਇਉਂ ਗੁਰੂ ਪਰਸਾਦਿ ਨਰਕ ਨਹਿ ਜਾਤਾ ।।

ਅਤੇ

ਜੋ ਤੁਮ ਰਾਮ-ਨਾਮ ਰੰਗ਼ਰਾਤੇ, ਔਰ ਰੰਗ਼ ਨ ਸੁਹੈਹੋਂ ।

ਇਸ ਤਰ੍ਹਾਂ ਜੋ ਨਿਰੰਤਰ ਰਾਮ ਨਾਮ ਦਾ ਸਿਮਰਨ ਕਰਦੇ ਹਨ ਉਹ ਰਾਮ ਨਾਮ ਵਿਚ ਰੰਗੇ ਜਾਣਗੇ ਅਤੇ ਜਨਮ ਮਰਨ ਦੇ ਬੰਧਨ ਵਿਚੋਂ ਮੁਕਤ ਹੋ ਜਾਣਗੇ :

ਕਹਿ ਰਵਿਦਾਸ ਜੋੁ ਜਪੈ ਨਾਮੁ ॥
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥[1]

ਰਾਮ ਨਾਮ ਸਿਮਰਨ ਦਾ ਉਪਰ ਦੱਸਿਆ ਮਹਾਨ ਫਲ ਵਾਰ ਵਾਰ ਦੱਸਦੇ ਹੋਏ ਰਵਿਦਾਸ ਜੀ ਮਨੁੱਖ ਮਾਤਰ ਨੂੰ ਉਪਦੇਸ਼ ਦਿੰਦੇ ਕਹਿੰਦੇ ਹਨ :

'ਰਵਿਦਾਸ' ਰਾਤ ਨਾ ਸੋਈਏ, ਦਿਵਸ ਨ ਕਰੀਏ ਸਵਾਦ ।
ਅਹ ਨਿਸ ਹਰਿ ਜੀ ਸਿਮਰੀਯੇ, ਛਾਡਿ ਸਕਲ ਪ੍ਰਤਿਵਾਦ ॥

ਗੁਰੂ ਰਵਿਦਾਸ ਜੀ ਕਿਸੇ ਵੀ ਮਤ-ਮਤਾਂਤਰ ਆਦਿ ਤੋਂ ਦੂਰ ਰਹਿ ਦੇ ਖ਼ੁਦ ਦਿਨ ਰਾਤ ਨਾਮ ਰੂਪੀ ਪ੍ਰੇਮ ਰਸ ਵਿਚ ਡੁੱਬੇ ਰਹਿੰਦੇ ਸਨ । ਇਸ ਰਸ ਨੂੰ ਉਨ੍ਹਾਂ ਨੇ 'ਮਹਾਰਸ' ਦਾ ਨਾਂ ਦਿੱਤਾ । ਸੰਸਾਰੀ ਨਸ਼ਿਆਂ ਦੇ ਉਹ ਹੱਕ ਵਿਚ ਨਹੀਂ ਸਨ ਜੋ ਪੀਣ ਦੇ ਕੁਝ ਚਿਰ ਬਾਅਦ ਉਤਰ ਜਾਂਦੇ ਹਨ । ਇਸ ਕਰਕੇ ਉਹ ਲਿਖਦੇ ਹਨ ਕਿ ਮਨੁੱਖ ਨੂੰ 'ਨਾਮ ਮਹਾਰਸ' ਦਾ ਪਾਠ ਕਰਨਾ ਚਾਹੀਦਾ ਹੈ ਜਿਸ ਦੀ ਮਸਤੀ ਇਕ ਵਾਰ ਚੜ੍ਹ ਕੇ ਕਦੇ ਉਤਰਦੀ ਹੀ ਨਹੀਂ :

'ਰਵਿਦਾਸ' ਮਦੂਰਾ ਕਾ ਪੀਜੀਯੇ, ਜੋ ਚਢੈ ਚਢੈ ਉਤਰਾਯ ।
ਨਾਂਵ ਮਹਾਰਸ ਪੀਜੀਯੈ, ਜੋ ਚਢੈ ਨਾਹਿ ਉਤਰਾਯ ॥

ਸੰਤ ਕਬੀਰ ਵੀ ਅਜਿਹਾ ਹੀ ਲਿਖਦੇ ਹਨ :

ਹਰਿ ਰਸ ਪੀਯਾ ਜਾਨਿਯੇ, ਜੇ ਕਬਹੂੰ ਨ ਜਾਇ ਖੁਮਾਰ ।
ਮੈਂਮਤਾ ਘੂੰਮਤ ਰਹੈ, ਨਾਹੀਂ ਤਨ ਕੀ ਸਾਰ ॥

ਗੁਰੂ ਰਵਿਦਾਸ ਜੀ ਦੀ ਭਗਤੀ ਦਾ ਸਰੂਪ ਪ੍ਰੇਮ ਭਗਤੀ ਹੈ :

ਪ੍ਰੇਮ ਭਗਤੀ ਨਹਿ ਉਪਜੈ, ਤਾਤੈ 'ਰਵਿਦਾਸ' ਉਦਾਸ ।

ਆਪਣੇ ਵਚਨਾਂ ਰਾਹੀਂ ਆਪ ਪ੍ਰੇਮਾ ਭਗਤੀ ਲਈ ਆਪਣੀ ਬੇਚੈਨੀ ਪ੍ਰਗਟ ਕਰਦੇ ਹਨ । ਅਸਲ ਵਿਚ ਆਪ ਨੇ ਆਪਣੇ ਪਦਾਂ ਦਾ ਗਾਇਨ ਇਕ ਮਾਤਰ ਪ੍ਰੇਮਾ ਭਗਤੀ ਦੇ ਪਰਥਾਇ ਹੀ ਕੀਤਾ ਹੈ । ਆਪ ਦਾ ਕਹਿਣਾ ਤਾਂ ਸਪਸ਼ਟ ਹੈ :

ਪ੍ਰੇਮ ਭਗਤਿ ਕੈ ਕਾਰਣੈ, ਕਹੁ ਰਵਿਦਾਸ ਚਮਾਰ ॥[2]

ਇਸੇ ਕਰਕੇ ਉਹ ਕਾਮਨਾ ਕਰਦੇ ਹਨ ਕਿ :

ਮੇਰੀ ਪ੍ਰੀਤਿ ਗੋਬਿੰਦ ਸਿਉਂ ਜਿਨਿ ਘਟੈ ।
ਮੈਂ ਤਉ ਮੋਲਿ ਮਹੰਗੀ ਲਈ ਜੀਅ ਸਟੈ ।

---

1. ਆਦਿ ਗ੍ਰੰਥ, ਪੰਨਾ 1196
2. ਉਹੀ, ਪੰਨਾ 346

'ਨਾਰਦ ਭਗਤੀ ਸੂਤ੍ਰ' ਵਿਚ ਪਰਮਾਤਮਾ ਨਾਲ ਉੱਚੇ ਦਰਜੇ ਦਾ ਪਿਆਰ ਤੇ ਅਨੁਰਾਗ ਹੀ ਭਗਤੀ ਕਹਾਉਂਦਾ ਹੈ। ਗੁਰੂ ਰਵਿਦਾਸ ਜੀ ਪ੍ਰੇਮ ਭਗਤੀ ਵਿਚ ਪੂਰੀ ਤਰ੍ਹਾਂ ਭਿੱਜੇ ਹੋਏ ਸਨ। ਆਪਣੇ ਇਸ ਅਨੁਰਾਗ ਨੂੰ ਚਾਤ੍ਰਿਕ ਦੀ ਸ੍ਵਾਂਤ ਬੂੰਦ ਲਈ ਪਿਆਸ ਦਾ ਉਦਾਹਰਣ ਦੇ ਕੇ ਉਹ ਆਪਣੇ ਅਨੁਰਾਗ ਦੀ ਗੱਲ ਕਰਦੇ ਹਨ :

ਜਯੂ ਤੁਮੁ ਕਾਰਨਿ ਕੇਸਵੇ, ਅੰਤਰਿ ਤਯੋਂ ਲਾਗੀ।
ਏਕ ਅਨੂਪਮ ਅਨੁਭਵੈ, ਕਿਮਿ ਹੋਈ ਵਿਭਾਗੀ॥
ਏਕ ਅਭਿਮਾਨੀ ਚਾਤ੍ਰਿਗਾ, ਬਿਚਰਤ ਜਗ ਮਾਂਹੀ।
ਜਦਪਿ ਜਲ ਪੂਰਣ ਮਹੀ, ਕਹੂੰ ਵਾ ਰੁਚਿ ਨਾਹੀਂ॥

ਇਕ ਹੋਰ ਪਦ ਵਿਚ ਉਹ ਪ੍ਰਭੂ ਪ੍ਰਤਿ ਆਪਣੇ ਪਿਆਰ ਨੂੰ ਇਕ ਵਿਯੋਗਣ ਇਸਤਰੀ ਦੇ ਮਾਧਿਅਮ ਰਾਹੀਂ ਪ੍ਰਗਟ ਕਰਦੇ ਹਨ :

ਭੋਰ ਭਯੋ ਮੋਹਿ ਇਕ ਟਕ ਜੋਵਤ, ਤਲਫਤ ਰਜਨੀ ਜਾਈ।
ਪੀਵ ਬਿਨ ਸੇਜਹਿ ਕਿਉਂ ਸੁਖ ਸੋਊਂ, ਬਿਰਹਾ ਬਿਥ ਤਨ ਖਾਈ॥
ਮੇਟਿ ਦੁਹਾਗਨ ਸੁਹਾਗਨ ਕੀਜੈ, ਅਪਨੇ ਅੰਗ ਲਗਾਈ।

ਇਕ ਸਾਖੀ ਵਿਚ ਰਵਿਦਾਸ ਜੀ 'ਬ੍ਰਹਮ-ਰਸ' ਦੀ ਇਕ ਬੂੰਦ ਲਈ ਆਪਣੀ ਤੜਪ ਇੰਜ ਪ੍ਰਗਟ ਕਰਦੇ ਹਨ :

ਅੰਮ੍ਰਿਤ ਰਸ ਕੀ ਇਕ ਬੂੰਦ ਕੂੰ, ਤੜਫਤ ਹਉਂ ਦਿਨ ਰੈਨ।
'ਰਵਿਦਾਸ' ਅਮੀਰਸ ਬਿਨ ਪੀਏ ਜੀਅਰਾ ਨਾ ਪਾਵੈ ਚੈਨ॥

ਭਗਤੀ ਦੀਆਂ ਦੋ ਅਵਸਥਾਵਾਂ ਮੰਨੀਆਂ ਗਈਆਂ ਹਨ—ਗੌਣੀ ਭਗਤੀ ਅਤੇ ਪਰਾ-ਭਗਤੀ। ਇਨ੍ਹਾਂ ਵਿਚੋਂ ਗੌਣੀ ਭਗਤੀ ਸਾਧਨਾ-ਅਵਸਥਾ ਉੱਚੇ ਦਰਜੇ ਦੀ ਭਗਤੀ ਗਿਣੀ ਜਾਂਦੀ ਹੈ। ਰਵਿਦਾਸ ਜੀ ਗੌਣੀ ਭਗਤੀ ਦੀ ਸਾਧਨਾ-ਅਵਸਥਾ ਨੂੰ ਪਾਰ ਕਰਕੇ ਪਰਾ-ਭਗਤੀ ਦੀ ਸਿੱਧ-ਅਵਸਥਾ ਵਿਚ ਪੁੱਜੇ ਹੋਏ ਸੰਤ ਸਨ। ਆਪ ਦੀ ਬਾਣੀ ਵਿਚ ਇਸ ਸਿੱਧ-ਅਵਸਥਾ ਦੇ ਭਾਵ ਅਨੇਕ ਰੂਪਾਂ ਵਿਚ ਪ੍ਰਗਟ ਹੋਏ ਹਨ।

'ਨਾਰਦ ਭਗਤੀ ਸੂਤਰ' (ਸੂਤ੍ਰ 55) ਅਨੁਸਾਰ :

ਤਤਪ੍ਰਾਪ੍ਯ ਤਦੇਵਾਵਲੋਕਯਤਿ, ਤਦੈਵ ਸ਼ੁਣੋਤਿ,
ਤਦੈਵ ਭਾਸ਼੍ਯਤਿ, ਤਦੇਵ ਚਿੰਤਯਤਿ॥

ਪਰਾਭਗਤੀ ਦੇ ਪਦ ਦਾ ਧਾਰਨੀ ਭਗਤ ਪ੍ਰਭੂ-ਪ੍ਰੇਮ ਵਿਚ ਮਗਨ ਹੋ ਕੇ ਪ੍ਰਭੂ ਨੂੰ ਹੀ ਦੇਖਦਾ, ਉਸ ਨੂੰ ਸੁਣਦਾ, ਉਸ ਨੂੰ ਕਹਿੰਦਾ ਹੈ, ਅਤੇ ਉਸ ਦਾ ਹੀ ਸਿਮਰਨ ਕਰਦਾ ਹੈ। ਰਵਿਦਾਸ ਜੀ ਦੀ ਸਿੱਧ ਅਵਸਥਾ ਦਾ ਪ੍ਰਗਟਾ ਉਨ੍ਹਾਂ ਦੇ ਹੇਠ ਲਿਖੇ ਪਦਾਂ ਤੋਂ ਹੁੰਦਾ ਹੈ।

ਚਿਤ ਸਿਮਰਨ ਕਰਉਂ ਨੈਨ ਅਵਲੋਕਨੋ,
ਸ੍ਰਵਣ ਬਾਨਿ ਸੁਜਸੁ ਪੂਰਿ ਰਾਖਉਂ ।
ਮਨ ਸੁ ਮਧਕਰੁ ਕਰਉਂ ਚਰਨ ਹਿਰਦੇ ਧਰਉਂ
ਰਸਨ ਅੰਮ੍ਰਿਤ ਰਾਮ ਨਾਮ ਭਾਖਉਂ ॥

ਆਪਣੇ ਕਈ ਪਦਾਂ ਵਿਚ ਤਾਂ ਉਹ ਪ੍ਰਭੂ ਦਾ ਗੁਣ-ਗਾਇਨ ਕਰਦੇ ਹੋਏ 'ਪਰਮਪਦ' ਦੀ ਪ੍ਰਾਪਤੀ ਬਾਰੇ ਸਾਫ਼ ਸਾਫ਼ ਬਿਆਨ ਕਰਦੇ ਹਨ :

ਸਾਂਈ ਸਹਿਜ ਮਿਲਯੋ ਸੋਈ ਸਨਮੁਖ, ਕਹੈ 'ਰਵਿਦਾਸ' ਬੜਾਈ ।
ਜਿਹਿ ਪਦ ਸੁਰ ਨਰ ਪ੍ਰੇਮ ਪਿਆਸਾ, ਸੋ ਪਦ ਰਮਿ ਰਹਯੋ ਜਨ 'ਰਵਿਦਾਸਾ' ॥

ਇਸੇ ਤਰ੍ਹਾਂ ਰਵਿਦਾਸ ਜੀ ਆਪਣੀਆਂ ਦੋ ਸਾਖੀਆਂ ਵਿਚ ਪਾਲਕੀ ਵਿਚ ਬੈਠ ਕੇ ਪ੍ਰਭੂ ਨੂੰ ਮਿਲਣ ਜਾਣ ਦੇ ਅਕੱਥ ਆਨੰਦ ਨੂੰ ਪ੍ਰਾਪਤ ਕਰਨ ਅਤੇ ਬ੍ਰਹਮ ਬੂੰਦ ਪ੍ਰਾਪਤ ਕਰਕੇ ਆਪਣੇ ਖਲਾਸ (ਜੀਵਨ-ਮੁਕਤ) ਹੋਣ ਦੀ ਗੱਲ ਕਰਦੇ ਹਨ :

1. ਪ੍ਰੇਮ-ਪੰਥ ਕੀ ਪਾਲਕੀ, 'ਰਵਿਦਾਸ' ਬੈਠਿਯੋ ਆਯ ।
ਸਾਂਚੇ ਸਾਮੀ ਮਿਲਨ ਕੂੰ, ਆਨੰਦ ਕਹ੍ਯੋ ਨ ਜਾਯ ॥
2. ਇਕ ਬੂੰਦ ਸੋ ਬੁਝ ਗਈ, ਜਨਮ ਜਨਮ ਕੀ ਪਿਆਸ ।
ਜਨਮ ਮਰਨ ਬੰਧਨ ਟੂਟਈ, ਭਏ 'ਰਵਿਦਾਸ' ਖਲਾਸ ॥

ਪ੍ਰੇਮ ਭਗਤੀ ਦੀ ਸਾਰਥਕਤਾ ਤਾਂ ਹੀ ਸਮਝੀ ਜਾਂਦੀ ਹੈ ਜਦੋਂ ਭਗਤ ਨੂੰ ਭਗਵਾਨ ਨਾਲ ਪ੍ਰੇਮ ਕਰਨ ਦੀ ਆਦਤ ਹੋ ਜਾਂਦੀ ਹੈ ! 'ਜਨ ਰਵਿਦਾਸ ਰਾਮ ਰੰਗਿ ਰਾਤਾ' ਦੇ ਅਨੁਸਾਰ ਰਵਿਦਾਸ ਜੀ ਰਾਮ-ਰੰਗ ਵਿਚ ਪੂਰੀ ਤਰ੍ਹਾਂ ਰੰਗੇ ਹੋਏ ਸਨ । ਇਸੇ ਕਰਕੇ ਉਹ ਕਹਿੰਦੇ ਹਨ ਕਿ 'ਅਬ ਕੈਸੇ ਛੂਟੇ, ਨਾਮ ਰਟ ਲਾਗੀ' । ਇਸ ਨਾਮ-ਰਸ ਦੀ ਮਸਤੀ ਵਿਚ ਡੁੱਬੇ ਉਹ ਸਭ ਥਾਈਂ ਸਾਖਿਆਤ ਪ੍ਰਭੂ ਦੇ ਦਰਸ਼ਨ ਕਰਦੇ ਹਨ :

'ਰਵਿਦਾਸ' ਪੀਅ ਬਿਨ ਜਗਤ ਮਹਿ, ਸੂਨੀ ਸੇਜ ਨ ਕੋਈ ।
ਜਿਤ ਦੇਖੂ ਤਿਤ ਪੀਅ ਕਰ, ਪ੍ਰਗਟ ਮੌਜਰਾ ਹੋਈ ॥

ਕਿਉਂਕਿ 'ਪੂਰਨ ਬ੍ਰਹਮ ਬਸੈ ਸਭ ਠਾਂਈ' ਇਸ ਵਾਸਤੇ

ਕਹੈ 'ਰਵਿਦਾਸ' ਮੈਂ ਤਾਹੀ ਕੂੰ ਪੂਜੂ,
ਜਾਕੈ ਠਾਂਵ ਨਾਂਵ ਨਹਿ ਕੋਈ ॥

ਇਹੋ ਜਿਹੀ ਅਵਸਥਾ ਵਿਚ ਪੁੱਜ ਕੇ ਸਾਧਕ ਲਈ ਖ਼ਾਸ ਵਿਧੀ-ਵਿਧਾਨ ਜਾਂ ਪੂਜਾ ਸਾਮਗ੍ਰੀ ਦੀ ਵੀ ਲੋੜ ਨਹੀਂ ਰਹਿ ਜਾਂਦੀ । ਇਸ ਕਰਕੇ ਰਵਿਦਾਸ ਜੀ ਆਪਣਾ ਤਨ ਮਨ ਅਰਪਣ ਕਰਕੇ ਪ੍ਰਭੂ ਦੀ ਪੂਜਾ ਕਰਨ ਦੀ ਗੱਲ ਕਰਦੇ ਹਨ :

ਮਾਈ ! ਗੋਬਿੰਦ ਪੂਜਾ ਕਹਾ ਲੈ ਚਰਾਵਉ ॥
ਅਵਰੁ ਨ ਫੂਲੁ ਅਨੂਪੁ ਨ ਪਾਵਉ ॥
ਤਨੁ ਮਨੁ ਅਰਪਉ ਪੂਜ ਚਰਾਵਉ ॥
ਗੁਰ ਪਰਸਾਦਿ ਨਿਰੰਜਨੁ ਪਾਵਉ ॥

ਇਹੋ ਹੀ ਤਾਂ ਸਹਜ-ਭਗਤੀ ਹੈ । ਇਸੇ ਨੂੰ ਅਜਪਾ ਜਾਪ ਦਾ ਨਾਮ ਦਿੱਤਾ ਗਿਆ ਹੈ । ਗੁਰੂ ਰਵਿਦਾਸ ਜੀ ਇਸੇ ਅਜਪਾ ਜਾਪ ਵਾਲੀ ਸਹਜ ਭਗਤੀ ਕਰਨ ਵਾਲੇ ਸਿੱਧ ਜਾਂ ਪੁੱਜੇ ਹੋਏ ਭਗਤ ਹਨ ।

ਇਹੋ ਨਹੀਂ, ਗੁਰੂ ਰਵਿਦਾਸ ਜੀ ਆਪਣੇ ਜ਼ੋਰਦਾਰ ਅਤੇ ਇਕ-ਨਿਸ਼ਠ ਪ੍ਰੇਮ ਦੁਆਰਾ ਪ੍ਰਭੂ ਦੇ ਬਿਲਕੁਲ ਅੰਗ-ਰੂਪ ਬਣ ਜਾਂਦੇ ਹਨ ਅਤੇ ਉਸ ਪ੍ਰਭੂ ਨਾਲ ਇਕ ਦੋਸਤ ਦੀ ਤਰ੍ਹਾਂ ਹਾਸਾ-ਮਜ਼ਾਕ ਵੀ ਕਰਨ ਲਗਦੇ ਹਨ । ਪ੍ਰਭੂ ਦਾ ਇਕ ਮਸ਼ਹੂਰ ਨਾਮ 'ਪਤਿਤ ਪਾਵਨ' ਵੀ ਹੈ । ਇਸੇ ਨਾਮ ਨੂੰ ਲੈ ਕੇ ਆਪ ਕਹਿੰਦੇ ਹਨ— ਪ੍ਰਭੂ ! ਪਤਿਤ-ਪਾਵਨ ਆਪ ਦਾ ਵਿਰਦ ਹੈ । ਇਹ ਸੱਚ ਹੈ । ਪਰ, ਇਸ ਵਿਚ ਤੇਰੀ ਕਿਹੜੀ ਵਿਸ਼ੇਸ਼ਤਾ ਹੈ । ਇਹ ਨਾਮ ਦੇਣ ਦੁਆਉਣ ਦਾ ਕਾਰਣ ਤਾਂ ਅਸੀਂ ਹੀ ਹਾਂ । ਹੇ ਅਨੰਤ ਸ਼ਕਤੀ ਵਾਲੇ ਭਗਵਾਨ ! ਜੇ ਅਸੀਂ ਪਾਪ ਹੀ ਨਾ ਕਰਦੇ ਤਾਂ ਇਨ੍ਹਾਂ ਨੂੰ ਦੂਰ ਕਰਨ ਦਾ ਮੌਕਾ ਆਪ ਨੂੰ ਕਿਵੇਂ ਮਿਲਦਾ ? ਅਸੀਂ ਪਹਾੜ ਜੇਡੇ ਪਾਪ ਕੀਤੇ ਅਤੇ ਤੈਨੂੰ ਉਨ੍ਹਾਂ ਨੂੰ ਦੂਰ ਕਰਨ ਦਾ ਮੌਕਾ ਹੱਥ ਲੱਗਾ । ਨਤੀਜੇ ਵਜੋਂ ਤੈਨੂੰ 'ਪਤਿਤ ਪਾਵਨ' ਵਿਰਦ (ਨਾਮ) ਮਿਲ ਗਿਆ । ਹੁਣ ਬੋਲੋ ! ਇਸ ਵਿਚ ਕਾਰਣ ਅਸੀਂ ਹਾਂ ਜਾਂ ਆਪ ? ਇਸ ਵਿਚ ਵਿਸ਼ੇਸ਼ਤਾ ਸਾਡੀ ਹੋਈ ਜਾਂ ਤੇਰੀ ?

1. ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ,
   ਪਤਿਤ ਪਾਵਨ ਨਾਮੁ ਕੈਸੇ ਹੁੰਤਾ ।
2. ਜੋ ਹਮ ਪਾਪ ਕਰਤ ਨਹੀਂ ਮੂਧਰ, ਤੌ ਤੂ ਕਹਾ ਨਸਾਵੈ ।

ਰਵਿਦਾਸ ਜੀ ਦੀ ਪ੍ਰੇਮ-ਡੋਰੀ ਬੜੀ ਪੱਕੀ ਹੈ । ਪ੍ਰਭੂ ਨੇ ਉਨ੍ਹਾਂ ਨੂੰ ਸੰਸਾਰ ਵਿਚ ਜਨਮ ਦੇ ਕੇ ਸੰਸਾਰਿਕ ਮੋਹ ਜਾਲ ਵਿਚ ਫਸਾ ਦਿੱਤਾ ਹੈ ਤੇ ਰਵਿਦਾਸ ਜੀ ਨੇ ਪ੍ਰਭੂ ਨੂੰ ਆਪਣੀ ਪ੍ਰੇਮ ਦੀ ਪੱਕੀ ਡੋਰੀ ਵਿਚ ਬੰਨ੍ਹ ਲਿਆ ਹੈ । ਰਵਿਦਾਸ ਜੀ ਦਾ ਕਹਿਣਾ ਹੈ, 'ਮਹਾਰਾਜ ! ਅਸੀਂ ਤਾਂ ਤੇਰੀ ਆਰਾਧਨਾ ਕਰਕੇ ਇਸ ਮੋਹ ਜਾਲ ਵਿਚੋਂ ਨਿਕਲ ਜਾਵਾਂਗੇ ਪਰ ਤੂੰ ਇਸ ਪ੍ਰੇਮ-ਬੰਧਨ ਵਿਚੋਂ ਨਿਕਲਣ ਦਾ ਕੋਈ ਉਪਾਅ ਲੱਭ :

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ।
ਅਪਨੇ ਛੂਟਨ ਕੌ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥[1]

ਪ੍ਰੰਤੂ ਭਗਤ ਦਾ ਬੰਨ੍ਹਿਆ ਭਗਵਾਨ ਉਨ੍ਹਾਂ ਦੇ ਪ੍ਰੇਮ ਬੰਧਨ ਤੋਂ ਨਹੀਂ ਛੁੱਟ ਸਕਦਾ, ਇਸ ਕਰਕੇ ਰਵਿਦਾਸ ਜੀ ਭਗਵਾਨ ਦੀ ਇਸ ਮਜ਼ਬੂਰੀ ਉੱਤੇ ਮਿੱਠੀ ਟਕੋਰ ਕਰਦੇ ਹਨ :

ਪ੍ਰੇਮ ਕੀ ਜੇਵਰੀ ਬਾਂਧਿਓ ਤੇਰੋ ਜਨ ।
ਕਹਿ 'ਰਵਿਦਾਸ' ਛੁਟਿਓ ਕਵਨ ਗੁਨ ॥

---

1. ਆਦਿ ਗ੍ਰੰਥ, ਪੰਨਾ 658

ਅੰਤ ਵਿਚ ਤਾਂ ਉਹ ਸਪਸ਼ਟ ਹੀ ਕਹਿ ਦਿੰਦੇ ਹਨ—ਪ੍ਰਭੂ ਤੂੰ ਮੇਰੇ ਮਨ ਨੂੰ ਭਾ ਗਿਆ ਹੈਂ...ਹੁਣ ਭੱਜ ਕੇ ਕਿਧਰ ਜਾਵੇਂਗਾ। ਅਸੀਂ ਤਾਂ ਹੁਣ ਤੇਰੇ ਜੋਗੇ ਹੀ ਰਹਿ ਗਏ ਹਾਂ, ਤੇਰੇ ਵਿਚ ਹੀ ਇਕਮਿਕ ਹੋ ਕੇ ਰਹਾਂਗੇ :

ਕਹੈ 'ਰਵਿਦਾਸ' ਉਦਾਸ ਭਯੋ ਮਨ, ਭਾਜਿ ਕਹਾਂ ਅਬ ਜਾਈਏ।
ਇਤ ਉਤ ਤੁਮ ਗੋਬਿੰਦ ਗੁਸਾਈਂ, ਤੁਮ ਹੀ ਮਾਂਹਿ ਸਮਾਈਏ॥

ਇਕ ਵਾਰੀ ਭਗਤ ਸੂਰਦਾਸ ਨੇ ਵੀ ਖ਼ਾਸ ਪ੍ਰਸਥਿਤੀ ਵਿਚ ਪੈ ਕੇ ਆਪਣੇ ਕਨ੍ਹਈਆ ਨੂੰ ਇਸੇ ਤਰ੍ਹਾਂ ਹੀ ਕਿਹਾ ਸੀ :

ਹਾਥ ਛੁੜਾਏ ਜਾਤ ਹੋ, ਨਿਬਲ ਜਾਨਿ ਕੇ ਮੋਹਿ।
ਹਿਰਦੈ ਤੈਂ ਜੋ ਨਿਕਭਰਿ ਹੋ, ਸਬਲ ਜਾਨਿ ਹੋ ਤੋਹਿ॥

5. ਗੁਰੂ ਰਵਿਦਾਸ ਜੀ ਦੀ ਸਮਾਜ ਨੂੰ ਦੇਣ

ਮੱਧਕਾਲੀਨ ਵਿਖੜੀਆਂ ਅਤੇ ਘੋਰ ਹਨੇਰੇ ਭਰੀਆਂ ਪ੍ਰਸਥਿਤੀਆਂ ਵਿਚ ਤਤਕਾਲੀਨ ਮਹਾਮਾਨਵ ਸੁਾਮੀ ਰਾਮਾਨੰਦ ਦੇ ਮਾਰਗ ਦੀ ਲੀਕ ਤੇ ਚਲਦਿਆਂ ਹੋਇਆਂ ਜਿਨ੍ਹਾਂ ਸੰਤਾਂ-ਭਗਤਾਂ ਨੇ ਭਾਰਤੀ ਸਮਾਜ ਨੂੰ, ਉਸ ਵਿਚੋਂ ਵੀ ਖ਼ਾਸ ਤੌਰ ਤੇ ਨਿਰਾਸ਼, ਦਲਿਤ ਅਤੇ ਪੀੜਤ ਵਰਗ ਨੂੰ ਨਵਾਂ ਜੀਵਨ, ਆਸ ਅਤੇ ਭਰੋਸੇ ਭਰਿਆ ਵਿਵਹਾਰਿਕ ਜਾਂ ਅਮਲੀ ਸੁਨੇਹਾ ਦਿੱਤਾ, ਉਨ੍ਹਾਂ ਵਿਚੋਂ ਗੁਰੂ ਰਵਿਦਾਸ ਜੀ ਮੋਹਰੀ ਹਨ। ਆਪ ਦਾ ਪਵਿੱਤਰ ਜੀਵਨ ਅਤੇ ਮਹਾਨ ਸੁਨੇਹਾ ਆਪ ਦੇ ਜੋਤੀ ਜੋਤ ਸਮਾਉਣ ਤੋਂ ਲਗਭਗ 600 ਵਰ੍ਹੇ ਬੀਤ ਜਾਣ ਤੇ ਅੱਜ ਵੀ ਸਮਾਜ ਨੂੰ ਉਸੇ ਤਰ੍ਹਾਂ ਨਵੀਂ ਸ਼ਕਤੀ ਅਤੇ ਪ੍ਰੇਰਨਾ ਦੇਣ ਵਾਲੇ ਹਨ। ਆਪ ਦੀ ਬਾਣੀ ਅੱਜ ਦੇ ਰਾਹੋਂ ਭਟਕ ਚੁੱਕੇ ਇਨਸਾਨ ਨੂੰ ਤਾਂ ਖ਼ਾਸ ਤੌਰ ਤੇ ਸਹੀ ਦਿਸ਼ਾ ਦੇਣ ਦੀ ਪੂਰੀ ਪੂਰੀ ਸਮਰਥਾ ਰੱਖਦੀ ਹੈ।

ਗੁਰੂ ਰਵਿਦਾਸ ਜੀ ਦੀ ਸਮਾਜ ਨੂੰ ਸਭ ਤੋਂ ਵੱਡੀ ਦੇਣ 'ਮਾਨਵ ਸਮਾਨਤਾ' ਜਾਂ ਮਨੁੱਖੀ ਏਕਤਾ ਦਾ ਵਿਚਾਰ ਹੈ। ਆਪ ਨੇ ਮਾਨਵ ਮਾਨਵ ਵਿਚ ਊਚ-ਨੀਚ, ਜ਼ਾਤ-ਬੇਜ਼ਾਤ ਆਦਿ ਦੇ ਭੇਦਭਾਵ ਅਤੇ ਇਕ ਦੂਜੇ ਬਾਰੇ ਈਰਖਾ ਤੇ ਨਫ਼ਰਤ ਦੀ ਭਾਵਨਾ ਦੇਖ ਕੇ ਮਾਨਵ-ਏਕਤਾ ਦਾ ਸੁਨੇਹਾ ਦਿੱਤਾ ਸੀ। ਉਨ੍ਹਾਂ ਦੇ ਇਸ ਸੁਨੇਹੇ ਦਾ ਮਜ਼ਬੂਤ ਆਧਾਰ ਹੈ ਮਨੁੱਖ ਮਾਤਰ ਦਾ ਪਾਰਬ੍ਰਹਮ ਵਲੋਂ ਇਕੋ ਤਰ੍ਹਾਂ ਨਾਲ ਅਤੇ ਇਕੋ ਤਰ੍ਹਾਂ ਦੇ ਤੱਤਾਂ ਨਾਲ ਪੈਦਾ ਹੋਣਾ। ਮਨੁੱਖ ਹੀ ਨਹੀਂ ਹਰ ਜੀਵ-ਜੰਤੂ ਦੇ ਬਾਰੇ ਆਪ ਦਾ ਕਥਨ ਹੈ ਕਿ ਜਿਸ ਤਰ੍ਹਾਂ ਇਕ ਘੁਮਿਆਰ ਇਕੋ ਮਿੱਟੀ ਤੋਂ ਅਨੇਕ ਤਰ੍ਹਾਂ ਦੇ ਭਾਂਡੇ ਤਿਆਰ ਕਰਦਾ ਹੈ, ਉਸੇ ਤਰ੍ਹਾਂ ਸੰਸਾਰ ਦੇ ਸਾਰੇ ਜੀਵ ਇਕੋ ਹੀ ਮਿੱਟੀ ਦੇ ਸਾਜੇ ਹੋਏ ਹਨ ਅਤੇ ਇਨ੍ਹਾਂ ਨੂੰ ਸਾਜਣ ਵਾਲਾ ਈਸ਼ਵਰ ਇਕ ਹੈ। ਉਹੋ ਪਰਮਾਤਮਾ ਸਭਨਾਂ ਜੀਆਂ ਵਿਚ ਸਮਾਇਆ ਹੋਇਆ ਹੈ, ਇਸੇ ਲਈ ਮਾਨਵ-ਮਾਤਰ ਦੇ ਸੰਬੰਧ ਵਿਚ ਰਵਿਦਾਸ ਜੀ ਦਾ ਮੱਤ ਹੈ :

ਇਕ ਜੋਤਿ ਤੈਂ ਜਉ ਸਭ ਉਪਜੈ, ਤਉ ਊਚ ਨੀਚ ਕਸ ਮਾਨ ॥

ਅਤੇ

'ਰਵਿਦਾਸ' ਏਕੈ ਬ੍ਰਹਮ ਕਾ, ਹੋਈ ਰਹਯੋ ਸਗਲ ਪਸਾਰ ।
ਏਕੈ ਮਾਟੀ ਸਬ ਘਟ ਸੂਜੇ, ਏਕੈ ਸਭ ਕੂ ਸਰਜਨ ਹਾਰ ।।

ਇਸ ਲਈ ਸਭ ਮਨੁੱਖ ਬਰਾਬਰ ਹਨ । ਉਨ੍ਹਾਂ ਵਿਚ ਕਿਸੇ ਕਿਸਮ ਦਾ ਭੇਦਭਾਵ ਕਰਨਾ ਮਹਾ ਮੂਰਖਤਾ ਵਾਲੀ ਗੱਲ ਹੈ ।

ਗੁਰੂ ਰਵਿਦਾਸ ਜੀ ਦੀ ਦੂਜੀ ਵਰਣਨਯੋਗ ਦੇਣ ਹੈ—ਸਦਾਚਾਰੀ ਜੀਵਨ ਜੀਉਣਾ ਅਤੇ ਨੈਤਿਕ ਕਦਰਾਂ-ਕੀਮਤਾਂ ਦਾ ਸੰਦੇਸ਼ । ਸਦਾਚਾਰੀ ਜੀਵਨ ਲਈ ਆਪ ਇੰਦਰੀਆਂ ਉਤੇ ਕਾਬੂ ਪਾ ਕੇ ਭੋਗਵਾਦ ਦੇ ਨਿਰਾਕਰਣ ਉਤੇ ਬਲ ਦਿੰਦੇ ਹਨ । ਇੰਦਰੀਆਂ ਦੇ ਸੁੱਖ ਭੋਗ ਦੀ ਕਾਮਨਾ ਅਤੇ ਉਸ ਤ੍ਰਿਪਤੀ ਲਈ ਸਾਧਨ ਪੈਦਾ ਕਰਨੇ ਭੋਗਵਾਦ ਦਾ ਮੂਲ ਮੰਤਰ ਹੈ । ਪ੍ਰੰਤੂ ਨਤੀਜੇ ਵਜੋਂ ਇਹ ਸੰਘਰਸ਼ ਅਸ਼ਾਂਤੀ ਅਤੇ ਦੁੱਖ ਦਾ ਹੀ ਮੂਲ ਹੈ । ਇਸ ਕਰਕੇ ਗੁਰੂ ਰਵਿਦਾਸ ਜੀ ਦਾ ਉਪਦੇਸ਼ ਹੈ ਕਿ ਮਨੁੱਖ ਨੂੰ ਆਪਣੀਆਂ ਇੰਦਰੀਆਂ ਨੂੰ ਭੋਗਾਂ ਤੋਂ ਦੂਰ ਰੱਖਣਾ ਚਾਹੀਦਾ ਹੈ। ਇਸ ਲਈ ਆਪਣੀਆਂ ਇੰਦਰੀਆਂ ਨੂੰ ਵਿਸ਼ਿਆਂ ਵਿਚ ਨਹੀਂ ਫਸਣ ਦੇਣਾ ਚਾਹੀਦਾ । ਇੰਜ ਕਰਨ ਨਾਲ ਮਨ ਵਿਚ ਸ਼ਾਂਤੀ ਰਹਿੰਦੀ ਹੈ ਅਤੇ ਹਿਰਦਾ ਸਦਾ ਪ੍ਰਸੰਨ ਰਹਿੰਦਾ ਹੈ :

'ਰਵਿਦਾਸ' ਇਛਾਏਂ, ਆਪੁਨੀ, ਭੋਗਨ ਸੇਤਿ ਰਖ ਦੂਰ ।
ਮਨ ਬੁਧਿ ਰਹਤਿ ਸ਼ਾਂਤ ਨਿਤ, ਘਟ ਮਹਿ ਰਹਿਵੈ ਨੂਰ ।।

ਇੰਦਰੀਆਂ ਦੇ ਸੰਜਮ ਨਾਲ ਆਤਮਿਕ ਸ਼ਾਂਤੀ ਦੇ ਨਾਲ ਨਾਲ ਮਨੁੱਖ ਦਾ ਆਤਮ-ਵਿਸ਼ਵਾਸ ਵੀ ਵਧਦਾ ਹੈ :

ਕੁਰਮੇ ਭਾਂਤਿ ਜਉ ਰਹਹਿੰ, ਮਨ ਇੰਦ੍ਰੀਆਂ 'ਰਵਿਦਾਸ' ।
ਸਾਂਤ ਰਹਈ ਨਿਤ ਆਤਮਾ, ਬਢਹਿ ਆਤਮ ਬਿਸਾਸ ।।

ਭੋਗਾਂ ਤੋਂ ਦੂਰ ਰਹਿਣ ਉੱਤੇ ਰਵਿਦਾਸ ਜੀ ਕਿਉਂ ਵਧੇਰੇ ਬਲ ਦੇਂਦੇ ਹਨ ? ਇਸ ਲਈ ਕਿਉਂਕਿ ਭੋਗਾਂ ਤੋਂ ਮਨੁੱਖ ਦੀ ਕਦੀ ਵੀ ਤ੍ਰਿਪਤੀ ਨਹੀਂ ਹੁੰਦੀ । ਇਸ ਦੇ ਉਲਟ ਇੰਦਰੀਆਂ ਦੀ ਤ੍ਰਿਪਤੀ ਕਾਰਣ ਭੋਗ ਦੀ ਇੱਛਾ ਹੋਰ ਵੱਧਦੀ ਜਾਂਦੀ ਹੈ ਅਤੇ ਮਨੁੱਖ ਉਨ੍ਹਾਂ ਦੀ ਪ੍ਰਾਪਤੀ ਲਈ ਜੂਝਦਾ ਹੋਇਆ ਆਪਣਾ ਬਿਬੇਕ ਹੀ ਗੁਆ ਬਹਿੰਦਾ ਹੈ ਜੋ ਅੰਤ ਵਿਚ ਉਸ ਦੇ ਵਿਨਾਸ਼ ਦਾ ਕਾਰਣ ਬਣਦਾ ਹੈ । ਇਸੇ ਹੀ ਤਰ੍ਹਾਂ ਦਾ ਦਰਸ਼ਨ ਗੀਤਾ (2, 62-63) ਵਿਚ ਵੀ ਆਇਆ ਹੈ :

ਧਯਾਯਤੋ ਵਿਸ਼ਯਾਂਪੁੰਸ: ਸੰਗਸਤੇਸੁਪਜਾਯਤ੍ਰੇ ।
ਸੰਗਾਤਸੰਜਾਯਤੇ ਕਾਮ: ਕਾਮਾਤ੍ਕ੍ਰੋਧਾਭਿਜਾਯਤੇ ।।
ਕ੍ਰੋਧਾਤ੍ ਭਵਤਿ ਸ਼ੰਮੋਹ: ਸੰਮੋਹਾਤ੍ ਸਮ੍ਰਿਤਿ ਵਿਭ੍ਰਮ: ।
ਸਮ੍ਰਿਤਿ ਨਾਸ਼ਾਤ੍ ਬੁਧਿਨਾਸ਼ੋ ਬੁਧਿ ਨਾਸ਼ਾਤ੍ ਪਣਸ਼੍ਯਤਿ ।।

ਵਿਸ਼ਿਆਂ ਦਾ ਧਿਆਨ ਕਰਨ ਨਾਲ ਮਨੁੱਖ ਵਿਸ਼ਿਆਂ ਵਿਚ ਲਗਾਓ ਰੱਖਣ ਲੱਗ ਪੈਂਦਾ ਹੈ । ਲਗਾਉ ਕਰਨ ਨਾਲ ਭੋਗ ਦੀ ਇੱਛਾ ਪੈਦਾ ਹੁੰਦੀ ਹੈ । ਭੋਗ ਦੀ ਇੱਛਾ

ਵਿਚ ਰੁਕਾਵਟ ਆਉਣ ਨਾਲ ਕ੍ਰੋਧ ਪੈਦਾ ਹੁੰਦਾ ਹੈ। ਕ੍ਰੋਧ ਨਾਲ ਵਿਵੇਕ ਜਾਂਦਾ ਰਹਿੰਦਾ ਹੈ ਅਤੇ ਵਿਵੇਕਹੀਨ ਹੋਣ ਕਾਰਣ ਮਨੁੱਖ ਭ੍ਰਸ਼ਟ ਹੋ ਜਾਂਦਾ ਹੈ। ਭ੍ਰਸ਼ਟ ਹੋਣ ਕਾਰਣ ਬੁੱਧੀ (ਗਿਆਨ ਸ਼ਕਤੀ) ਖ਼ਤਮ ਹੋ ਜਾਂਦੀ ਹੈ। ਗਿਆਨ ਸ਼ਕਤੀ ਦੇ ਖ਼ਾਤਮੇ ਨਾਲ ਮਨੁੱਖ ਲਕਸ਼ਹੀਣ ਹੋ ਕੇ ਤਬਾਹ ਹੋ ਜਾਂਦਾ ਹੈ। ਇਸ ਕਰਕੇ ਰਵਿਦਾਸ ਜੀ ਲਿਖਦੇ ਹਨ :

ਬੁੱਧੀ ਅਰੁ ਵਿਵੇਕਹਿੰ, ਜੋ ਰਾਖਨ ਚਾਹੌ ਪਾਸ ॥
ਇੰਦਰੀਆਂ ਸੰਗ ਨਿਰਤ ਕੋ, ਤਜਿ ਦੇਹੁ 'ਰਵਿਦਾਸ' ॥

ਭੋਗਵਾਦ ਦੀਆਂ ਅਨੇਕ ਭੈੜੀਆਂ ਪ੍ਰਵਿਰਤੀਆਂ ਵਿਚੋਂ ਇਕ ਧਨ-ਲਾਲਸਾ ਵੀ ਹੈ। ਰਵਿਦਾਸ ਜੀ ਧਨ ਇਕੱਠਾ ਕਰਨ ਨੂੰ ਵੀ ਦੁੱਖ ਦਾ ਇਕ ਕਾਰਣ ਮੰਨਦੇ ਹਨ। ਆਪ ਦਾ ਕਥਨ ਹੈ ਕਿ ਧਨ ਨੂੰ ਤਿਆਗਣ ਵਿਚ, ਉਸ ਨੂੰ ਪਰਉਪਕਾਰ, ਲੋਕ ਸੇਵਾ ਲਈ ਖ਼ਰਚਣ ਵਿਚ ਹੀ ਸੁੱਖ ਹੈ। ਇਸ ਲਈ ਧਨ ਇਕੱਠਾ ਨਹੀਂ ਕਰਨਾ ਚਾਹੀਦਾ :

ਧਨ ਸੰਚਯ ਦੁਖ ਦੇਤ ਹੈ, ਧਨ ਤਯਾਗੇ ਸੁਖ ਹੋਯ।
'ਰਵਿਦਾਸ' ਸੀਖ ਗੁਰੂ ਦੇਵ ਕੀ, ਧਨ ਮਤਿ ਜੋਰੈ ਕੋਯ ॥

ਸੰਤੋਖ ਵਿਚ ਹੀ ਪਰਮ ਸੁਖ ਮੰਨਦੇ ਹੋਏ ਗੁਰੂ ਰਵਿਦਾਸ ਜੀ ਦਾ ਉਪਦੇਸ਼ ਹੈ :

ਜੋ ਕੋਉ ਲੋਰੈ ਪਰਮ ਸੁਖ, ਪਉ ਰਾਖੈ ਮਨ ਸੰਤੋਸ਼।
'ਰਵਿਦਾਸ' ਜਹਾਂ ਸੰਤੋਖ ਹੈ, ਤਹਾਂ ਨਾ ਲਾਗੈ ਦੋਸ਼ ॥

ਆਦਰਸ਼ ਜੀਵਨ ਲਈ ਉਨ੍ਹਾਂ ਦੀ ਕਸੌਟੀ ਹੈ :

ਸਤਿ ਸੰਤੋਖ ਅਰੁ ਸਦਾਚਾਰ, ਜੀਵਨ ਕੋ ਆਧਾਰ।
'ਰਵਿਦਾਸ' ਭਏ ਨਰ ਦੇਵਤੇ ਜਿਨ ਤਿਆਗੇ ਪੰਚ ਬਿਕਾਰ ॥

ਰਵਿਦਾਸ ਜੀ ਸਤਿ, ਸੰਤੋਖ, ਸਦਾਚਾਰ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਇਲਾਵਾ ਵਚਨ ਪਾਲਣ ਉਤੇ ਵੀ ਜ਼ੋਰ ਦਿੰਦੇ ਹਨ। ਉਨ੍ਹਾਂ ਦਾ ਸੰਦੇਸ਼ ਹੈ ਕਿ ਸਿਰ ਦੇ ਕੇ ਵੀ ਕੀਤਾ ਕੌਲ ਨਿਭਾਉਣਾ ਚਾਹੀਦਾ ਹੈ। ਵਚਨ ਨਾ ਨਿਭਾਉਣ ਵਾਲੇ ਕੋਲ ਨਾਜ਼ ਕਰਨ ਲਈ ਜੀਵਨ ਵਿਚ ਕੁਝ ਵੀ ਬਾਕੀ ਨਹੀਂ ਰਹਿ ਜਾਂਦਾ :

1. ਬਚਨ ਗਇਓ ਨਹੀਂ ਆਵਤ ਹੈ, ਸੀਸ ਕਟਾ ਫਿਰ ਆਯ।
'ਰਵਿਦਾਸ' ਬਚਨ ਕੂੰ ਰਾਖੀਏ, ਸਿਰ ਜਾਇਹਿ ਤਉ ਜਾਯ ॥
2. 'ਰਵਿਦਾਸ' ਬਚਨ ਜੋ ਦੇ ਦਿਯੋ, ਉਹ ਨ ਜਾਨੈ ਪਾਯ।
ਬਚਨ ਹਰੈ ਕਉ ਜਗਤ ਮਹਿੰ, ਕਛੁ ਨ ਸੇਸ ਰਹਾਯ ॥

ਗੁਰੂ ਰਵਿਦਾਸ ਜੀ ਦੀ ਇਕ ਹੋਰ ਖ਼ਾਸ ਦੇਣ ਹੈ—ਮਿਹਨਤ ਕਰਨ ਨੂੰ ਗੁਣ ਬਖਸ਼ਣਾ। ਆਪ ਨੂੰ ਹੋਰਾਂ ਤੇ ਨਿਰਭਰ ਜੀਵਨ ਜੀਉਣ ਤੋਂ ਨਫ਼ਰਤ ਹੈ। ਆਪ ਐਲਾਨ ਕਰਦੇ ਹਨ :

'ਰਵਿਦਾਸ' ਸ੍ਰਮ ਕਰ ਖਾਈਹਿ, ਜੋ ਲੌ ਪਾਰ ਬਸਾਏ ।
ਨੇਕ ਕਮਾਈ ਜਉ ਕਰੀ, ਕਬਹੁੰ ਨਾ ਨਿਹਫਲ ਜਾਏ ॥

ਰਵਿਦਾਸ ਜੀ ਦੀ ਨਜ਼ਰ ਵਿਚ 'ਮਿਹਨਤ' ਪਰਮਾਤਮਾ ਦਾ ਰੂਪ ਹੈ, ਮਿਹਨਤ ਹੀ ਭਗਤੀ ਹੈ ਅਤੇ ਮਿਹਨਤ ਕਰਨਾ ਹੀ ਸੰਸਾਰਿਕ ਸੁੱਖ ਤੇ ਸ਼ਾਂਤੀ ਦਾ ਅਦੁੱਤੀ ਪਰ ਸਰਲ ਸਾਧਨ ਹੈ :

ਸ੍ਰਮ ਕਉ ਈਸਰ ਜਾਨਿ ਕੈ, ਪੂਜਹਿ ਦਿਨ ਰੈਨ ।
'ਰਵਿਦਾਸ' ਤਿਨ੍ਹਹਿ ਸੰਸਾਰ ਮਹਿ, ਸਦਾ ਮਿਲਹਿ ਸੁਖ ਚੈਨ ॥

ਰਵਿਦਾਸ ਜੀ ਮਿਹਨਤ-ਮਜ਼ੂਰੀ, ਹੱਕ-ਹਲਾਲ ਬਾਰੇ ਹੋਰਨਾਂ ਨੂੰ ਉਪਦੇਸ਼ ਹੀ ਨਹੀਂ ਦਿੰਦੇ ਸਗੋਂ ਖ਼ੁਦ ਵੀ ਇਸਨੂੰ ਅਮਲ ਵਿਚ ਲਿਆਉਂਦੇ ਹਨ । ਮਿਹਨਤ-ਮਜ਼ੂਰੀ ਦੀ ਸਾਧਨਾ ਰੂਪੀ ਈਸ਼ਵਰ ਪੂਜਾ ਰਾਹੀਂ ਹੀ ਆਪ ਭਵਸਾਗਰ ਤੋਂ ਪਾਰ ਹੋਣ ਦੇ ਦ੍ਰਿੜ੍ਹ ਵਿਸ਼ਵਾਸ ਨੂੰ ਇੰਜ ਪ੍ਰਗਟ ਕਰਦੇ ਹਨ :

'ਰਵਿਦਾਸ' ਹਉ ਨਿਜ ਹੱਥਹਿ, ਰਾਖੌਂ ਰਾਬੀ ਆਰ ।
ਸੁਕਿਰਿਤ ਹੀ ਮਮ ਧਰਮ ਹੈ ਤਾਰੈਗਾ ਭਵ ਪਾਰ ॥

ਰਵਿਦਾਸ ਜੀ ਦਾ ਇਹ ਸੰਦੇਸ਼ ਕਿੰਨਾ ਮਹਾਨ ਅਤੇ ਮੌਲਿਕ ਹੈ ।

ਗੁਰੂ ਰਵਿਦਾਸ ਜੀ ਦੀ ਸਮਾਜ ਨੂੰ ਇਕ ਹੋਰ ਮੌਲਿਕ ਦੇਣ ਪ੍ਰਭੂ-ਭਗਤੀ ਦੀ ਸਹਜ ਵਿਧੀ ਹੈ । ਰਵਿਦਾਸ ਜੀ ਨੇ ਮਾਨਵ ਜੀਵਨ ਦਾ ਪਰਮ ਪੁਰਸ਼ਾਰਥ ਪ੍ਰਭੂ ਦੀ ਭਗਤੀ ਨੂੰ ਹੀ ਮੰਨਿਆ ਹੈ, ਪ੍ਰੰਤੂ ਆਪ ਦੀ ਭਗਤੀ ਵਿਚ ਕਿਸੇ ਬਾਹਰੀ ਆਚਾਰ ਅਤੇ ਕਰਮ-ਕਾਂਡ ਦਾ ਵਿਧਾਨ ਨਹੀਂ ਹੈ । ਇਸਦੀ ਲੋੜ ਵੀ ਆਪ ਨਹੀਂ ਸਮਝਦੇ । ਆਪ ਦੀ ਭਗਤੀ ਸਹਜ-ਭਗਤੀ ਹੈ, ਜਿਸ ਵਿਚ ਕਿਸੇ ਖ਼ਾਸ ਯਤਨ ਦੀ ਵੀ ਜ਼ਰੂਰਤ ਨਹੀਂ ਹੈ ਅਤੇ ਨਾ ਹੀ ਘਰ ਵਾਰ ਛੱਡ ਕੇ ਵਣ ਵਿਚ ਜਾਣ ਦੀ ਲੋੜ ਹੈ :

ਬਨ ਖੋਜਹਿ ਪੀਅ ਨ ਮਿਲਹਿ, ਬਨ ਮਹਿੰ ਪ੍ਰੀਤਮ ਨਾਹ ।
'ਰਵਿਦਾਸ' ਪਿਅ ਹੈ ਬਸਿ ਰਹਿਓ, ਮਾਨਵ ਪ੍ਰੇਮਹਿੰ ਮਾਹਿੰ ॥

ਇਸ ਤਰ੍ਹਾਂ ਰਵਿਦਾਸ ਜੀ ਦਾ ਅਟੱਲ ਵਿਚਾਰ ਹੈ ਕਿ ਪ੍ਰਭੂ ਮਨੁੱਖੀ ਪ੍ਰੇਮ ਵਿਚ ਹੀ ਵਾਸ ਕਰਦਾ ਹੈ । ਇਸੇ ਕਰਕੇ ਉਨ੍ਹਾਂ ਨੇ 'ਮਾਨਵ-ਸੇਵਾ' ਨੂੰ ਤਪ ਕਹਿ ਕੇ ਵਡਿਆਇਆ ਹੈ । ਇਸ ਰਾਹੀਂ ਮੁਕਤੀ ਵੀ ਛੇਤੀ ਤੇ ਆਸਾਨੀ ਨਾਲ ਮਿਲ ਸਕਦੀ ਹੈ ਜੋ ਪ੍ਰਭੂ ਦੀ ਭਗਤੀ ਦਾ ਸਭ ਤੋਂ ਵਧੀਆ ਫਲ ਹੈ । ਆਪ ਫ਼ੁਰਮਾਉਂਦੇ ਹਨ :

ਧੂੰਆਂ ਤਪਨ ਮਹਿ ਕਾ ਧਰਾ, ਧੂਮ ਤਪਨ ਹੀ ਤਿਆਗ ।
'ਰਵਿਦਾਸ' ਮਿਲਿਹੈ ਮੋਖ ਧਾਮ, ਸੇਵਾ ਹੀ ਤਪ ਆਗ ॥

ਆਪਣਾ ਉਦਾਹਰਣ ਰਵਿਦਾਸ ਜੀ ਇੰਜ ਦਿੰਦੇ ਹਨ :

ਦੀਨ ਦੁਖੀ ਕਰਿ ਸੇਵ ਮਹਿ, ਲਾਗਿ ਰਹਯੋ 'ਰਵਿਦਾਸ' ।
ਨਿਸਿ ਬਾਸਰ ਦੀ ਸੇਵ ਸੋ, ਪ੍ਰਭੂ ਮਿਲਨ ਕੀ ਆਸ ॥

ਦੁਰਲਭ ਮਨੁੱਖੀ ਜਨਮ ਨੂੰ ਸੁੱਖੀ ਤੇ ਸਫ਼ਲ ਬਣਾਉਣ ਲਈ ਜੋ ਮਹਾਨ ਸੰਦੇਸ਼ ਗੁਰੂ ਰਵਿਦਾਸ ਜੀ ਨੇ ਸਮਾਜ ਨੂੰ ਦਿੱਤੇ ਹਨ ਉਹ ਸੰਖੇਪ ਵਿਚ ਉਨ੍ਹਾਂ ਦੇ ਹੇਠ ਲਿਖੇ ਵਚਨਾਂ ਤੋਂ ਖ਼ਾਸ ਤੌਰ ਤੇ ਪ੍ਰਗਟ ਹੁੰਦੇ ਹਨ :

1. ਕਾਯਮ ਦਾਯਮ ਰਾਮ ਇਕ, ਦੋਇਮ ਸਤ ਈਮਾਨ।
'ਰਵਿਦਾਸ' ਰਾਮ ਅਰੁ ਸਤ ਬਿਨ, ਬਿਰਥਾ ਸਭ ਕੁਛ ਜਾਨ॥
2. ਏਕ ਭਰੋਸੇ ਰਾਮ ਕੋ, ਅਰੁ ਭਰੋਸੇ ਸੱਤਕਾਰ।
ਸਫਲ ਹੋਉ ਜੀਵਨਾ, ਕਹਿ 'ਰਵਿਦਾਸ' ਬਿਚਾਰ॥
3. ਜਿਹਬਾ ਸੋ ਓਂਕਾਰ ਜਪ, ਹੱਥਨ ਸੋ ਕਰ ਕਾਰ।
ਰਾਮ ਮਿਲਹਿ ਘਰ ਆਇ ਕਰ, ਕਹਿ ਰਵਿਦਾਸ ਕਿਚਾਰ॥

6. ਰਵਿਦਾਸ ਬਾਣੀ

ਸਾਖੀ-ਭਾਗ[1]

ਰਾਮ-ਬ੍ਰਹਮ

'ਰਵਿਦਾਸ' ਹਮਾਰੋ ਰਾਮ ਜੀ, ਦਸਰਥ ਕਰਿ ਸੁਤ ਨਾਂਹਿ ।
ਰਾਮ ਹਮਉ ਮਹਿ ਰਮਿ ਰਹਿਓ, ਬਿਸਬ ਕੁਟੰਬਹ ਮਾਂਹਿ ।।1।।

ਘਟਿ ਘਟਿ ਬਿਆਪਕ ਰਾਮ ਹੈ, ਰਾਮਹਿ ਬੂਝੈ ਕੋਇ ।
'ਰਵਿਦਾਸ' ਬੂਝੈ ਸੋਇ ਰਾਮ ਕੂੰ, ਜਉ ਰਾਮ ਸਨੇਹੀ ਹੋਏ ।।2।।

ਏਕੈ ਬ੍ਰਹਮ ਹੋਇ ਸਕਲ ਮਹਿ, ਅਰੁ ਸਕਲ ਬ੍ਰਹਮਹਿ ਮਾਹਿ ।
'ਰਵਿਦਾਸ' ਬ੍ਰਹਮ ਸਭ ਭੇਸ ਮਹਿ, ਬ੍ਰਹਮ ਬਿਨਾ ਕਛੁ ਨਾਂਹਿ ।।3 ।

'ਰਵਿਦਾਸ' ਜਗਤ ਮਹਿ ਰਾਮ ਸਮ, ਕੋਉ ਨਾਂਹਿ ਉਦਾਰ[2] ।
ਗ਼ਨੀ[3] ਗਰੀਬ ਨਿਵਾਜ[4] ਪ੍ਰਭੁ, ਦੀਨਨ ਕੇ ਰਖਵਾਰ ।।4।।

'ਰਵਿਦਾਸ' ਅਰਾਧਹੁ ਦੇਵ ਕੂੰ, ਇਕ ਮਨ ਹੁਇ ਧਰਿ ਧ੍ਯਾਨ ।
ਅਜਪਾ ਜਾਪ[5] ਜਪਤ ਰਹਹੁ, ਸਤਿਨਾਮ ਸਤਿਨਾਮ ।।5।।

'ਰਵਿਦਾਸ' ਜੋ ਕਰਤਾ ਸਰਿਸਟਿ ਕਾ ਵਹ ਤੌ ਕਰਤਾ ਏਕ ।
ਸਭ ਮਹਿ ਜੋਤਿ ਸਰੂਪ ਇਕ, ਕਾਹੇ ਕਹੂੰ ਅਨੇਕ ।।6।।

---

1. ਗੁਰੂ ਰਵਿਦਾਸ ਜੀ ਦੀਆਂ ਸਾਖੀਆਂ ਦੀ ਪੂਰਨ ਜਾਣਕਾਰੀ ਲਈ ਦੇਖੋ— ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਦੀ ਪੁਸਤਕ 'ਰਵਿਦਾਸ ਦਰਸ਼ਨ' ਸ੍ਰੀ ਗੁਰੂ ਰਵਿਦਾਸ ਸੰਸਥਾਨ, ਚੰਡੀਗੜ੍ਹ, 1973 ਈਸਵੀ । 2. ਦਾਨਸ਼ੀਲ, ਦਿਆਲੂ 3. ਧਨੀ, ਕ੍ਰਿਪਾਲੂ 4. ਗ਼ਰੀਬਾਂ 'ਤੇ ਦਇਆ ਕਰਨ ਵਾਲਾ, ਦੀਨ ਦਿਆਲੂ 5. ਸੋਅ ਹਮ (ਮੈਂ ਉਹੀ ਹਾਂ) ਦਾ ਜਾਪ । ਇਹਨੂੰ ਹੰਸ ਮੰਤਰ ਕਹਿੰਦੇ ਹਨ, ਇਸ ਦਾ ਉੱਚਾਰਨ ਸਾਹ ਦੇ ਅੰਦਰ ਬਾਹਰ ਆਉਣ ਜਾਣ ਨਾਲ ਚਲਦਾ ਹੈ

ਆਦਿ[1] ਅੰਤ ਜਿਹ ਕਰ ਨਹੀਂ, ਜਿਹ ਕਰ ਨਾਮ ਅਨੰਤ ॥
ਸਤ ਕਰਿ ਪਾਲਨ ਹਾਰ ਹੋਈ, 'ਰਵਿਦਾਸ' ਅਬਿਗਤ[2] ਭਗਵੰਤ ॥7॥
'ਰਵਿਦਾਸ' ਇਕ ਜਗਦੀਸ ਕਰ, ਧਰੈ[3] ਅਨੰਤਹ ਨਾਮ ।
ਮੋਰੇ ਮਨ ਮਹਿੰ ਬਸ ਰਹਿਓ, ਅਧਮਨ ਪਾਵਨ[4] ਰਾਮ ॥8॥
'ਰਵਿਦਾਸ' ਹਮਾਰੋ ਸਾਈਆਂ, ਰਾਘਵ ਰਾਮ ਰਹੀਮ ।
ਸਭ ਹੀ ਰਾਮ ਕੋ ਰੂਪ ਹੈ, ਕੇਸੋ ਕ੍ਰਿਸਨ ਕਰੀਮ ॥9॥
ਅਲਖ ਅਲਹ ਖਾਲਿਕ[5] ਖੁਦਾ, ਕ੍ਰਿਸਨ ਕਰਮ ਕਰਤਾਰ ।
ਰਾਮਹ ਨਾਂਉ ਅਨੇਕ ਹੈਂ, ਕਹਿ 'ਰਵਿਦਾਸ' ਬਿਚਾਰ ॥10॥
ਜਬ ਜਬ ਫੈਲੇਇ ਜਗਤ ਮਹਿ ਕੂੜਿ ਪਾਪ ਅੰਧਿਕਾਰ ।
ਤਬ ਤਬ ਰਾਖੈ ਹਥੁ ਦੇਈ, 'ਰਵਿਦਾਸ' ਇਕ ਰਾਮ ਹਮਾਰ । 11॥
'ਰਵਿਦਾਸ' ਆਸ ਇਕ ਰਾਮ ਕੀ, ਅਰੁ ਨਾ ਕਰਹੁ ਕਉ ਆਸ ।
ਰਾਮ ਛਾਡਿ ਅਨਤ[6] ਰਮਿ ਰਹੇ, ਰਹੇ ਸਦਾ ਨਿਰਾਸ ॥12॥

ਨਾਮ-ਮਹਿਮਾ

ਜੋ ਲੋਂ ਘਟ ਮਹਿ ਪ੍ਰਾਨ ਹੈਂ, ਤੋ ਲੋਂ ਜਪਉ ਸਤਿਨਾਮ ।
'ਰਵਿਦਾਸ' ਪਰਮ ਪਦ[7] ਪਾਇਹਿ, ਜਿਨ ਘਟਿ ਬਸਿਓ ਰਾਮ ॥13॥
ਸਤ ਈਸ਼ ਕਹੁੰ ਰੂਪ ਹੈ, ਸਤ ਸਕਤਿ ਅਤ[8] ਅਪਾਰ ।
'ਰਵਿਦਾਸ' ਸਤ ਕੂੰ ਧਾਰਣਾ, ਦੇਇਹਿੰ ਪਾਪ ਨਿਬਾਹ ॥14॥
ਅੰਤਰਮੁਖੀ[9] ਭਈ ਜਉ ਕਰਹਿੰ, ਸਤਿਨਾਮ ਕਰਿ ਜਾਪ ।
'ਰਵਿਦਾਸ' ਤਿਨ੍ਹ ਸੋ ਭਜਹਿਉ,[10] ਜਗਤਹ ਤੀਨਹੁ ਤਾਪ[11] ॥15॥
ਜਾ ਦੇਖਯਾ ਘਿਨ੍ਹ[12] ਊਪਜੈ, ਨਰਕ ਕੁੰਡ ਮਹਿ ਬਾਸ ।
ਪ੍ਰਭ ਭਗਤਿ ਸੋਂ ਉਧਰੈ, ਪ੍ਰਗਟਤ ਜਨ 'ਰਵਿਦਾਸ' ॥16॥

---

1. ਆਦਿ, ਆਰੰਭ 2. ਗੈਬ, ਅਪ੍ਰਗਟ 3. ਰਖੇ ਹੋਏ ਹਨ 4. ਦੀਨਾਂ ਦੀ ਰੱਖਿਆ ਕਰਨ ਵਾਲਾ, ਨੀਚਾਂ ਨੂੰ ਪਵਿੱਤਰ ਕਰਨ ਵਾਲਾ 5. ਸੰਸਾਰ ਨੂੰ ਬਣਾਉਣ ਵਾਲਾ 6. ਦੂਸਰੇ ਵਿਚ, ਹੋਰ ਵਿਚ 7. ਬੈਕੁੰਠ ਧਾਮ, ਮੁਕਤੀ 8. ਅਤਿ, ਵੱਡੀ 9. ਮਨ ਨੂੰ ਬਾਹਰੀ ਵਿਸ਼ਿਆਂ ਤੋਂ ਹਟਾ ਕੇ ਇਕਾਗਰ ਕਰਨਾ 10. ਭਜ ਜਾਂਦੇ ਹਨ, ਦੂਰ ਹੋ ਜਾਂਦੇ ਹਨ 11. ਤਿੰਨ ਕਿਸਮ ਦੇ ਤਾਪ, ਦੁੱਖ ਕਸ਼ਟ, ਤਿੰਨ ਕਿਸਮ ਦੇ ਤਾਪ ਹਨ—(1) ਆਧਿ ਦੈਹਿਕ ਤਾਪ, (ਆਧਿ ਵਿਆਧਿ) ਮਾਨਸਿਕ ਤੇ ਸਰੀਰਕ ਕਸ਼ਟ, (2) ਆਧਿ ਦੈਵਿਕ ਤਾਪ—ਦੈਵੀ ਕਰੋਪੀ, (3) ਅਧਿਭੌਤਿਕ ਤਾਪ—ਪ੍ਰਾਣੀਆਂ ਤੋਂ ਮਿਲਣ ਵਾਲਾ ਦੁੱਖ 12. ਘ੍ਰਿਣਾ, ਨਫ਼ਰਤ

ਪ੍ਰਾਪਤੀ-ਮੁਕਤੀ

ਮਾਥੈ ਤਿਲਕ ਹਾਥ ਜਪ ਮਾਲਾ, ਜਗ ਠਗਨੇ ਕੂੰ ਸੂਾਂਗ ਬਨਾਯਾ ।
ਮਾਰਗ[1] ਛਾਡਿ ਕੁਮਾਰਗ[2] ਡਹਕੈ, ਸਾਚੀ ਪ੍ਰੀਤ ਬਿਨੁ ਰਾਮ ਨ ਪਾਯਾ ।।17।।
ਬਨਿ ਖੋਜਇ ਪੀਅ ਨ ਮਿਲਹਿੰ, ਬਨ ਮਹਿ ਪ੍ਰੀਤਮ ਨਾਹ ।
'ਰਵਿਦਾਸ' ਪੀਅ ਹੈ ਬਸ ਰਹਯੋ, ਮਾਨਵ ਪ੍ਰੇਮਹਿ[3] ਮਾਹਿ ।।18।।
'ਰਵਿਦਾਸ' ਲੋਰੈ[4] ਜਿਸ ਬੂੰਦ ਕੂੰ, ਸੋਈ ਬੂੰਦ ਸਮੁੰਦ ਸਮਾਨ[5] ।
ਅੰਤਰ ਖੋਜੀ[6] ਕੂੰ ਮਿਲਇ, ਬ੍ਰਹਮ ਬੂੰਦ[7] ਕੋ ਗਿਆਨ ।।19।।
ਕਾ ਮਥੁਰਾ ਕਾ ਦ੍ਵਾਰਿਕਾ, ਕਾ ਕਾਸੀ ਹਰਿਦ੍ਵਾਰ ।
'ਰਵਿਦਾਸ' ਖੋਜਾ ਦਿਲ ਆਪਨਾ, ਤਉ ਮਿਲਿਯਾ ਦਿਲਦਾਰ[8] ।।20।।
ਨੇਕ ਕਮਾਈ ਜਉ ਕਰਹਿ, ਗ੍ਰਿਹਿ ਤਜਿ ਬਨ ਨਹਿ ਜਾਯ ।
'ਰਵਿਦਾਸ' ਹਮਾਰੋ ਰਾਮ ਰਾਯ, ਗ੍ਰਿਹਿ ਮਹਿ ਮਿਲਿਹਿ ਆਯ ।।21।।
ਰਵਿਦਾਸ ਰਾਤ ਨ ਸੋਈਏ, ਦਿਵਸ ਨ ਕਰੀਏ ਸਵਾਦ ।
ਅਹਿਨਿਸ[9] ਹਰਿ ਜੀ ਸਿਮਰੀਏ, ਛਾਡਿ ਸਕਲ ਪ੍ਰਤੀਵਾਦ[10] ।।22।।

ਪ੍ਰਾਪਤੀ, ਕਾਮਨਾ ਅਤੇ ਅਨੁਭੂਤੀ

'ਰਵਿਦਾਸ' ਮਦੁਰਾ[11] ਕਾ ਪੀਜੀਐ ਜੋ ਚੜੈ ਚੜੈ ਉਤਰਾਯ ।
ਨਾਂਵ ਮਹਾਰਸ ਪੀਜੀਐ, ਜੋ ਚੜੈ ਨਾਂਹਿ ਉਤਰਾਯ ।।23।।
ਇਕ ਬੂੰਦ ਸਿਉ ਬੁਝ ਗਈ, ਜਨਮ ਜਨਮ ਕੀ ਪਿਆਸ ।
ਜਨਮ ਮਰਨ ਬੰਧਨ ਟੂਟਈ, ਭਯੇ 'ਰਵਿਦਾਸ' ਖਲਾਸ[12] ।।24।।
ਅੰਮ੍ਰਿਤ ਰਸ ਇਕ ਬੂੰਦ ਕੂੰ ਤਲਫਤ[13] ਹਉ ਦਿਨ ਰੈਨ ।
'ਰਵਿਦਾਸ' ਅਮੀਰਸ[14] ਬਿਨ ਪੀਯੇ, ਜੀਅਰਾ ਨ ਪਾਵੈ ਚੈਨ ।।25।।
ਪ੍ਰੇਮ ਪੰਥ ਕੀ ਪਾਲਕੀ, 'ਰਵਿਦਾਸ' ਬੈਠਿਓ ਆਯ ।
ਸਾਚੇ ਸਾਮੀ[15] ਮਿਲਨ ਕੂੰ, ਆਨੰਦ ਕਿਹਾ ਨ ਜਾਯ ।।26।।

---

1. ਸੁਮਾਰਗ, ਸਦਾਚਾਰ 2. ਬੁਰਾ ਰਾਹ, ਹਾਨੀ ਵਾਲਾ ਰਸਤਾ 3. ਮਨੁੱਖ ਨਾਲ ਪ੍ਰੇਮ ਕਰਨ ਨਾਲ, ਮਾਨਵ ਪ੍ਰੇਮ ਵਿਚ 4. ਖੋਜੇ 5. ਸਮੁੰਦਰ ਸਮਾਨ·ਅਸੀਮ ਤੇ ਅਥਾਹ, ਸਭ ਥਾਂ ਫੈਲੀ ਹੋਈ 6. ਆਤਮਾ ਦੀ ਖੋਜ ਕਰਨ ਵਾਲਾ, ਆਪੇ ਵਿਚ ਲੱਭਣ ਵਾਲਾ 7. ਬ੍ਰਹਮਾਨੰਦ ਰਸ 8. ਪਿਆਰਾ 9. ਦਿਨ ਰਾਤ 10. ਮਤਵਾਦ, ਬਹਿਸ-ਮੁਬਾਹਿਸਾ, ਵਿਰੋਧ 11. ਸ਼ਰਾਬ 12. ਮੁਕਤ 13. ਤੜਫਣਾ, ਬੇਚੈਨੀ, ਦੁੱਖ, ਪੀੜ 14. ਅੰਮ੍ਰਿਤ ਰਸ, ਬ੍ਰਹਮਾਨੰਦ ਰਸ 15. ਸੁਆਮੀ, ਪ੍ਰਭੂ

ਸੁਰਤ[1] ਸ਼ਬਦ[2] ਜਉ ਏਕ ਹੋ, ਤੌ ਪਾਇਹਿ ਪਰਮ ਅਨੰਦ[3] ॥
'ਰਵਿਦਾਸ' ਅੰਤਰ ਦੀਪਕ ਜਰਈ, ਘਟ ਉਪਜਈ ਬ੍ਰਹਮ ਅਨੰਦ ॥27॥

ਕਰਮ-ਸਾਧਨਾ

ਜਿਹ੍ਵਾ ਸੋਂ ਓਂਕਾਰ ਜਪ, ਹੱਥਨ ਸੋ ਕਰ ਕਾਰ ।
ਰਾਮ ਮਿਲਹਿ ਘਰ ਆਇ ਕਰ, ਕਹਿ 'ਰਵਿਦਾਸ' ਬਿਚਾਰ ॥28॥
ਕਰਮ ਬੰਧਨ ਮਹਿ ਰਮਿ ਰਹਯੋ, ਫਲ ਕੌ ਤਜਯੋ ਨ ਆਸ ।
ਕਰਮ ਮਨੁਖ ਕੌ ਧਰਮ ਹੈ, ਸੱਤ ਭਾਖੈ 'ਰਵਿਦਾਸ' ॥29॥
ਜਿਹ੍ਵਾ ਭਜੈ ਹਰੀ ਨਾਮ ਨਿਤ, ਹੱਥ ਕਰਹਿ ਨਿਤ ਕਾਮ ।
'ਰਵਿਦਾਸ' ਭਏ ਨਿਹਚਿੰਤ ਹਮ, ਮਮ ਚਿੰਤ ਕਰੇਂਗੇ ਰਾਮ ॥30॥
'ਰਵਿਦਾਸ' ਸ੍ਰਮ[4] ਕਰਿ ਖਾਇਹਿ, ਜੌ ਲੌਂ ਪਾਰ[5] ਬਸਾਯ
ਨੇਕ ਕਮਾਈ ਜੌ ਕਰਈ, ਕਬਹੁੰ ਨ ਨਿਹਫਲ ਜਾਯ ॥31॥
ਸ੍ਰਮ ਕਉ ਈਸਰ[6] ਜਾਨਿ ਕੈ, ਜਉ ਪੂਜਹਿ ਦਿਨ ਰੈਨ ।
'ਰਵਿਦਾਸ' ਤਿਨਹਿੰ ਸੰਸਾਰ ਮਹਿੰ, ਸਦਾ ਮਿਲਹਿ ਸੁਖ ਚੈਨ ॥32॥
ਪ੍ਰਭੂ ਭਗਤਿ ਸ੍ਰਮ ਸਾਧਨਾ,[7] ਜਗ ਮਹਿ ਜਿਨ੍ਹਹਿ ਪਾਸ ।
ਤਿਨ੍ਹਹਿ ਜੀਵਨ ਸਫਲ ਭਯੋ, ਸੱਤ ਭਾਖੈ 'ਰਵਿਦਾਸ' ॥33॥

ਜ਼ਾਤ-ਪਾਤ, ਊਚ ਨੀਚ ਭਾਵਨਾ

'ਰਵਿਦਾਸ' ਇਕ ਹੀ ਨੂਰ[8] ਤੇ ਜਿਮਿ ਉਪਜਿਯੋ ਸੰਸਾਰ ।
ਊਚ ਨੀਚ ਕਿਹ ਬਿੱਧ ਭਏ, ਬਾਹਮਨ ਅਰੁ ਚਮਾਰ ॥34॥
ਬਾਹਮਨ ਅਰੁ ਚੰਡਾਲ ਮਹਿ, 'ਰਵਿਦਾਸ' ਨਹ ਅੰਤਰ ਜਾਨ ।
ਸਭ ਮਹਿ ਏਕ ਹੀ ਜੋਤਿ ਹੈ, ਸਭ ਘਟ ਏਕ ਭਗਵਾਨ ॥35॥
ਜ਼ਾਤ ਪਾਤ ਕੇ ਫੇਰ ਮਹਿੰ, ਉਰਝਿ ਰਹਇ ਸਭ ਲੋਗ ।
ਮਾਨੁਖਤਾ ਕੌ ਖਾਤ ਹਇ, 'ਰਵਿਦਾਸ' ਜ਼ਾਤ ਕਰ ਰੋਗ ॥36॥
ਜਨਮ ਜ਼ਾਤ ਕੂੰ ਛਾਡਿ ਕਰਿ, ਕਰਨੀ ਜਾਤ ਪਰਧਾਨ ।
ਇਹ੍ਯੋ ਬੇਦ ਕੌ ਧਰਮ ਹੈ, ਕਰੈ ਰਵਿਦਾਸ ਬਖਾਨ ॥37॥

---

1. ਧਿਆਨ 2. ਨਾਮ ਜਪ, ਨਾਮ ਸਿਮਰਨ 3. ਪਰਮਾਨੰਦ, ਪਰਮਾਤਮਾ ਨੂੰ 4. ਮਿਹਨਤ 5. ਅਧਿਕਾਰ, ਵੱਸ 6. ਈਸ਼ਵਰ 7. ਕਰਮ ਰੂਪੀ ਭਗਤੀ 8. ਪ੍ਰਕਾਸ਼, ਜੋਤ

'ਰਵਿਦਾਸ' ਜਨਮ ਕੇ ਕਾਰਨੈ, ਹੋਤ ਨ ਕੋਊ ਨੀਚ ।
ਨਰ ਕੂੰ ਨੀਚ ਕਰਿ ਡਾਰਿ ਹੈ, ਓਛੇ ਕਰਮ ਕੌ ਕੀਚ ।।38।।
'ਰਵਿਦਾਸ' ਸੁਕਰਮਨ[1] ਕਰਨ ਸੌਂ ਨੀਚ ਊਚ ਹੋ ਜਾਏ ।
ਕਰਇ ਕੁਕਰਮ ਜੋ ਊਂਚ ਭੀ, ਤੋ ਮਹਾ ਨੀਚ ਕਹਲਾਯ ।।39।।
ਦਯਾ ਧਰਮ ਜਿਨ੍ਹ ਮੇਂ ਨਾਹਿ, ਹਿਰਦੈ ਪਾਪ ਕੋ ਕੀਚ ।
'ਰਵਿਦਾਸ' ਤਿਨ੍ਹਿਹਿ ਜਾਨਿ ਹੋ, ਮਹਾ ਪਾਤਕੀ[2] ਨੀਚ ।।40।।
ਜਿਨ੍ਹ ਕਰਿ ਹਿਰਦੈ ਸਤਿ ਬਸੇ, ਪੰਚ ਦੋਸ਼[3] ਬਸਿ ਨਾਹਿ ।
'ਰਵਿਦਾਸ' ਤਉ ਨਰ ਊਚ ਭਯੇ, ਸਮੁਝਿ ਲੇਹੁ ਮਨ ਮਾਹਿ ।।41।।
ਪੰਜ ਦੋਸ ਤਜਿ ਜੋ ਰਹਾਏ, ਸੰਤ ਚਰਨ ਲਵ ਲੀਨ ।
'ਰਵਿਦਾਸ' ਤੋ ਹੀ ਨਰ ਜਾਨੀਏ, ਊਚਹ ਅਰੁ ਕੁਲੀਨ[4] ।।42।।

ਚਾਰ ਵਰਣ (ਬ੍ਰਾਹਮਣ, ਖ਼ੱਤਰੀ, ਵੈਸ਼, ਸ਼ੂਦਰ)

ਕਾਮ ਕ੍ਰੋਧ ਮਦ ਲੋਭ ਤਜਿ, ਜੋ ਕਰਮ ਧਰਮ ਕਰ ਕਾਰ ।
ਸੋਈ ਬਾਮ੍ਹਨ ਜਾਨਿਹਿ, ਕਹਿ 'ਰਵਿਦਾਸ' ਬਿਚਾਰ ।।43।।
ਦੀਨ ਦੁਖੀ ਕੇ ਹੇਤ ਜਉ ਬਾਰੈ ਆਪਨੇ ਪ੍ਰਾਨ ।
'ਰਵਿਦਾਸ਼' ਉਹ ਨਰ ਸੂਰ[5] ਕੌ, ਸਾਚਾ ਛਤ੍ਰੀ[6] ਜਾਨ ।।44।।
'ਰਵਿਦਾਸ' ਬੈਸ[7] ਸੋਈ ਜਾਨੀਯੇ, ਜੋਉ ਸਤਿ ਕਾਰ ਕਮਾਯ ।
ਪੁੰਨ ਕਮਾਈ ਸਦਾ ਲਹੈ, ਲੋਰੈ ਸਰਵੱਤ[8] ਸੁਖਾਯ ।।45।।
'ਰਵਿਦਾਸ' ਜਉ ਅਤਿ ਪਵਿੱਤ ਹੈ, ਸੋਈ ਸੂਦਰ ਜਾਨ ।
ਜਉ ਕੁਕਰਮੀ ਅਸੁਧ ਜਨ, ਤਿਨ੍ਹਹੀਂ ਸੂਦਰ ਮਾਨ ।।46।।
ਹਰਿਜਨ ਕਰਿ ਸੇਵਾ ਲਾਗੈ, ਮਨ ਅਹੰਕਾਰ ਨ ਰਾਖੈ ।।
'ਰਵਿਦਾਸ' ਸੂਦ ਸੋਇ ਧੰਨ ਹੈ, ਜਉ ਅਸਤਿ ਬਚਨ[9] ਨਾ ਭਾਖੈ ।।47।।

ਸਵਰਾਜ-ਰਾਮ ਰਾਜ

ਪਰਾਧੀਨਤਾ ਪਾਪ ਹੈ, ਜਾਨ ਲੇਹੁ ਰੇ ਮੀਤ ।
'ਰਵਿਦਾਸ' ਦਾਸ ਪਰਾਧੀਨ ਸਉ, ਕੌਨ ਕਰੇ ਹੈ ਪ੍ਰੀਤ ।।48।।

---

1. ਚੰਗੇ ਕਰਮ, ਉੱਤਮ ਜਾਂ ਭਲੇ ਕਰਮ 2. ਮਹਾ ਪਾਪੀ 3. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ 4. ਉਚ ਵੰਸ਼ ਵਾਲਾ 5. ਸੂਰਮਾ 6. ਖੱਤਰੀ 7. ਵੈਸ਼, ਬਾਨੀਆ 8. ਸਭ ਦਾ 9. ਝੂਠੀ ਬਾਤ

ਪਰਾਧੀਨ ਕੋ ਦੀਨ ਕਯਾ ਪਰਾਧੀਨ ਬੇਦੀਨ ।
'ਰਵਿਦਾਸ' ਦਾਸ ਪਰਾਧੀਨ ਕੋ, ਸਬ ਹੀ ਸਮਝੈ ਹੀਨ ॥49॥
ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੈ ਸਬਨ ਕੋ ਅੰਨ ।
ਛੋਟ ਬੜੋ ਸਭ ਸਮ ਬਸੈ, ਰਵਿਦਾਸ ਰਹੈ ਪ੍ਰਸੰਨ ॥50॥

ਪਦ ਭਾਗ

ਪਰਮ ਤੱਤ

ਮਾਧੋ, ਭ੍ਰਮ ਕੈਸੇ ਨ ਬਿਲਾਈ[1], ਤਾਥੇਂ ਦੁਤੀ[2] ਦਰਸੈ ਆਈ ॥ਟੇਕ॥
ਕਨਕ ਕੁਟਕ[3] ਸੂਤ ਪਟ[4] ਜੁਦਾ, ਰਜੁ ਭੁਅੰਗ[5] ਭ੍ਰਮ ਜੈਸਾ ।
ਜਲ ਤਰੰਗ ਪਾਹੰਨ[6] ਪ੍ਰਤਿਮਾ ਜਿਉਂ' ਬ੍ਰਹਮ ਜੀਵ ਦੁਤਿ ਜੈਸਾ ।
ਬਿਮਲ ਏਕ ਰਸ ਉਪਜੈ ਨ ਬਿਨਸੈ, ਉਦੈ ਅਸਤ ਦੋਊ ਨਾਂਹੀ ।
ਬਿਗਤਾ ਬਿਗਤਿ[7] ਘਟੈ ਨਹੀਂ ਕਬਹੂੰ, ਬਸਤ[8] ਬਸੈ ਸਭ ਮਾਂਹੀ ।
ਨਿਹਚਲ ਨਿਰਾਕਾਰ ਅਜ ਅਨੂਪਮ, ਨਿਰਭੈ ਗਤਿ ਗੋਬਿੰਦਾ ।
ਅਗਮ[9] ਅਗੋਚਰ[10] ਅਛਰ[11] ਅਤਰਕ,[12] ਨਿਰਗੁਣ[13] ਅਤਿ ਅਨੰਦਾ ।
ਸਦਾ ਅਤੀਤ ਗਿਆਨ ਧਨ ਬਰਜਿਤ,[14] ਨਿਰਬੀਕਾਰ ਅਬਿਨਾਸੀ ।
ਕਹੈ 'ਰਵਿਦਾਸ' ਸਹਜ ਸੁੰਨਿ[15] ਸਤਿ, ਜੀਵਨ ਮੁਕਤਿ ਨਿਧਿ ਕਾਸੀ[16] ॥1॥

ਮਨ ਮੇਰੇ ਸਤਿ ਰੂਪ ਵਿਚਾਰਿ ।
ਆਦਿ ਅੰਤ ਅਨੰਤ ਪਰਮ ਪਦ ਸੰਸਾ ਸਕਲ ਨਿਵਾਰਿ ॥ਟੇਕ॥
ਜਸ ਹਰਿ ਕਹੀਏ ਤਸ ਹਰਿ ਨਾਂਹੀ, ਹੈ ਅਸ ਜਸ ਕਛੁ ਤੈਸਾ ।
ਜਾਨਤ ਜਾਨਤ ਜਾਨਿ ਰਹਯੋ ਮਨ, ਮਰਮ ਕਹੌ ਨਿਜ ਕੈਸਾ ।
ਕਹਤ ਆਂਨ ਅਨਭਵਤ ਆਂਨ, ਰਸ ਮਿਲਯਾ ਨ ਬੇਗਰ[17] ਹੋਈ ।
ਬਾਹਰ ਭੀਤਰਿ ਪਰਗਟ ਗੁਪਤ, ਘਟ ਘਟ ਪ੍ਰਤਿ ਰਮਤ ਅਵਰ ਨ ਕੋਈ ॥

1. ਨਸ਼ਟ ਹੋਣਾ 2. ਦ੍ਵੈਤ ਭਾਵ (ਜੀਵ ਅਤੇ ਬ੍ਰਹਮ ਦਾ ਵਖਰੇਵਾਂ) 3. ਸੋਨਾ ਅਤੇ ਉਸ ਤੋਂ ਬਣਿਆ ਗਹਿਣਾ 4. ਸੂਤ ਅਤੇ ਉਸ ਤੋਂ ਬਣਿਆ ਕੱਪੜਾ 5. ਰੱਸੀ ਤੇ ਸੱਪ 6. ਪੱਥਰ 7. ਪ੍ਰਗਟ ਤੇ ਅਪ੍ਰਗਟ, ਜ਼ਾਹਰ ਤੇ ਬਾਤਨ 8. ਵਸਤੂ 9. ਪਹੁੰਚ ਤੋਂ ਪਰ੍ਹੇ 10. ਅੱਖਾਂ ਨਾਲ ਦਿਖਾਈ ਨਾ ਦੇਣ ਵਾਲਾ, ਇੰਦਰੀਆਂ ਦੀ ਪਹੁੰਚ ਤੋਂ ਪਰ੍ਹੇ 11. ਅੱਖਰ, ਨਾਸ਼ ਨਾ ਹੋਣ ਵਾਲਾ 12. ਜੋ ਤਰਕ ਯੁਕਤੀ ਨਾਲ ਨਹੀਂ ਸਮਝਿਆ ਜਾ ਸਕਦਾ 13. ਸਤੋ, ਰਜੋ, ਤਮੋ ਤਿੰਨਾਂ ਗੁਣਾਂ ਤੋਂ ਪਰ੍ਹੇ 14. ਜੋ ਗਿਆਨ ਦੁਆਰਾ ਨਹੀਂ ਸਮਝਿਆ ਜਾ ਸਕਦਾ 15. ਖ਼ਾਲੀ 16. ਜੀਵਨ ਮੁਕਤ ਮਹਾਂਪੁਰਸ਼ਾਂ ਲਈ ਕਾਸ਼ੀ ਦੇ ਬਰਾਬਰ ਪਵਿੱਤਰ ਸਥਾਨ 17. ਭਿੰਨ, ਦੂਸਰਾ

ਆਦਿਹੂੰ ਏਕ ਅੰਤਾ ਫੁਨਿ ਸੋਈ, ਮਧ ਉਪਾਧਿ ਸੁ ਕੈਸੇ ।
ਅਹੈ ਏਕ ਪੈ ਭ੍ਰਮ ਸੂੰ ਦੂਜੋ, ਕਨਕ[1] ਅਲੰਕ੍ਰਿਤ[2] ਜੈਸੇ ।
ਕਹੈ 'ਰਵਿਦਾਸ' ਪ੍ਰਕਾਸ ਪਰਮਪਦ, ਕਾ ਜਪ ਤਪ ਬਿਧਿ ਪੂਜਾ ।
ਏਕ ਅਨੇਕ ਅਨੇਕ ਏਕ ਹਰਿ, ਕਹੌਂ ਕਵਨ ਬਿਧਿ ਦੂਜਾ ।।2।।

ਸਬ ਕਛੁ ਕਰਤ ਨ ਕਹੌਂ ਕਛੁ ਕੈਸੇ, ਗੁਨ ਬਿਧਿ ਬਹੌਤ ਰਹਤ ਸਸਿ[3] ਜੈਸੇ ।। ਟੇਕ ।।
ਦ੍ਰਪਨ[4] ਗਗਨ ਅਨੀਲ[5] ਅਲੇਪ ਜਸ, ਗੰਧ ਜਲਧ ਪ੍ਰਤਿਬਯੰਬ ਦੇਖਿ ਜਸ ।
ਸਬ ਆਰੰਭ ਅਕਾਮ[6] ਅਨੇਹਾ[7], ਬਿਧਿ ਨਿਖੇਦ ਕੀਯੋ ਅਨਕੇਹਾ ।
ਇਹਿੰ ਪਦ ਕਹਤ ਸੁਨਤ ਨਹੀਂ ਆਵੇ, ਕਹਿ 'ਰਵਿਦਾਸ' ਸੁਕ੍ਰਿਤ[8] ਕੋ ਪਾਵੈ ।।3।।

ਨਾਮ ਮਹਿਮਾ

ਧਨ੍ਯ ਹਰਿ ਭਗਤਿ ਤ੍ਰਯ ਲੋਕ ਜਸ ਪਾਵਨੀ,
ਕਰੌ ਸਤਸੰਗ ਇਹਿ ਵਿਮਲ ਜਸ ਗਾਵਨੀ ।
ਬੇਦ ਤੈ ਪਰਾਨ ਪੁਰਾਨ ਤੈ ਭਾਗਵਤ, ਭਾਗਵਤ ਤੈ ਭਗਤਿ ਪ੍ਰਗਟ ਕੀਨੀ ।
ਭਗਤੀ ਤੈ ਪ੍ਰੇਮ ਪ੍ਰੇਮ ਤੈ ਲੱਛਨਾ[9], ਬਿਨਾ ਸਤਸੰਗ ਨਾਹੀਂ ਜਾਤਿ ਚੀਨੀ !
ਗੰਗਾ ਪਾਪ ਹਰੇ ਸਸਿ ਤਾਪ, ਅਰੁ ਕਲਪਤਰੁ ਦੀਨਤਾ ਦੂਰਿ ਖੋਵੈ ।
ਪਾਪ ਅਰੁ ਤਾਪ ਸਬ ਤੁੱਛ ਮਤਿ ਦੂਰਿ ਕਰਿ, ਅਮੀ[10] ਕੀ ਦ੍ਰਿਸਟਿ ਜਬ ਸੰਤ ਜੋਵੈ ।
ਬਿਸ਼ਨੂ ਭਗਤ ਜਿਤੇ ਚਿਤ ਪਰ ਧਰਤਿ, ਤੇ ਮਨ ਬਚ ਕਰਮ[11] ਕਰਿ ਬਿਜਵਾਸਾ ।
ਸੰਤ ਧਰਨੀ ਧਰੀ[12] ਕੀਰਤਿ ਜਗ ਬਿਸਤਰੀ[13],
ਪ੍ਰਨਤ ਜਨ ਚਰਨ 'ਰਵਿਦਾਸ' ਦਾਸਾ ।।4।।
ਧ੍ਰਿਗ ਧ੍ਰਿਗ ਰੇ ਜੀਵਨ ਰਾਜਾ ਰਾਮ ਬਿਨਾਂ ।। ਟੇਕ ।।
ਦੇਹਿ ਨੈਨ ਬਿਨੁ ਚੰਦ, ਰੈਨਿ ਬਿਨੁ, ਜੈਸੇ ਮੀਨਾ[14] ਜਲੇ ਬਿਨਾਂ ।
ਬੇਸਵਾ ਕੋ ਸੁਤ ਕਾਕੋ[15] ਕਹੀਏ, ਤੈਸੇ ਪ੍ਰਾਨੀ ਤੇਰੇ ਨਾਮੁ ਬਿਨਾਂ ।
ਹਸਤੀ ਅੰਕੁਸ਼[16] ਬਿਨੁ ਪੰਖੀ ਪੰਖ ਬਿਨ, ਜੈਸੇ ਮੰਦਰ ਦੀਪ ਬਿਨਾਂ ।

---

1. ਸੋਨਾ 2. ਅਲੰਕਾਰ, ਗਹਿਣਾ 3. ਚੰਦ੍ਰਮਾ 4. ਸ਼ੀਸ਼ਾ 5. ਹਵਾ, ਵਾਯੂ 6. ਇੱਛਾ ਰਹਿਤ 7. ਲਗਾਉ ਰਹਿਤ 8. ਪੁੰਨ 9. ਲਕ੍ਸ਼ਣਾ, ਪ੍ਰੇਮ ਭਗਤੀ ਲੱਛਣਾ ਭਗਤੀ 10. ਅੰਮ੍ਰਿਤ, ਕ੍ਰਿਪਾ 11. ਮਨ, ਬਾਣੀ ਤੇ ਕਰਮ ਰਾਹੀਂ, ਪੂਰਣ ਰੂਪ ਨਾਲ 12. ਇਹ ਧਰਤੀ ਸੰਤ ਜਨਾਂ ਕਰਕੇ ਹੀ ਟਿਕੀ ਹੈ 13. ਉਨ੍ਹਾਂ ਦਾ ਜਸ ਹੀ ਜਗਤ ਵਿਚ ਫੈਲਿਆ ਹੈ 14. ਮੀਨ, ਮੱਛਲੀ 15. ਕਿਸ ਨੂੰ 16. ਅੰਕਸ, ਲੋਹੇ ਦਾ ਕੁੰਡਾ, ਜਿਸ ਨੂੰ ਮਹਾਵਤ ਹਾਥੀ ਦੇ ਸਿਰ ਤੇ ਚੁਭੋ ਕੇ ਉਸ ਨੂੰ ਚਲਾਉਂਦਾ ਹੈ ।

ਜੈਸੇ ਬਾਹਮਨ ਵੇਦ ਬਿਹੂਣਾ, ਤੈਸੇ ਪ੍ਰਾਣੀ ਤੇਰੇ ਨਾਮੁ ਬਿਨਾਂ ।
ਮੰਤਰ ਸੁਰਤਿ ਬਿਨੁ, ਨਾਰੀ ਕੰਤ ਬਿਨੁ, ਜੈਸੇ ਧਰਤੀ ਇੰਦ੍ਰ ਬਿਨਾਂ ।
ਜੈਸੇ ਬ੍ਰਿਛਾ[1] ਫਲਹਿ ਬਿਹੂਣਾ, ਤੈਸੇ ਪ੍ਰਾਣੀ ਤੇਰੇ ਨਾਮ ਬਿਨਾਂ ।
ਕਾਮ ਕ੍ਰੋਧ ਹੰਕਾਰ ਨਿਬਾਰਉ, ਤ੍ਰਿਸਨਾ ਤਿਆਗਹੁ ਸੰਤ ਜਨਾਂ ।
ਕਹੈ 'ਰਵਿਦਾਸ' ਅਬ ਸੀਤਲ ਹੂਏ, ਜਬ ਲਾਗੇ ਗੁਰ ਕੇ ਚਰਨਾਂ ॥5॥

ਭਗਤੀ

ਸੰਤੋ ! ਅਨਿਨ[2] ਭਗਤੀ ਯਹੁ ਨਾਂਹੀ ।
ਜਬ ਲਗਿ ਸਤ ਰਜ ਤਮ[3] ਤੀਨ੍ਯੋ ਗੁਨ, ਬਯਾਪਤ ਹੈ ਯਾ ਮਾਂਹੀ ॥ ਟੇਕ ॥
ਸੋਈ ਆਨ ਅੰਤਰ ਕਰੈ ਹਰਿ ਸੋਂ, ਆਪ ਮਾਰਗ ਕੋ ਆਨੈ[4] ।
ਕਾਮ ਕ੍ਰੋਧ ਮਦ ਲੋਭ ਮੋਹ ਕੀ, ਪਲ ਪਲ ਪੂਜਾ ਠਾਨੈ ।
ਸਕਤਿ ਸਨੇਹ ਇਸ਼ਟ ਅੰਗਿ ਲਾਵੈ, ਅਸਥਲਿ ਅਸਥਲਿ[5] ਖੇਲੇ ।
ਜੋ ਕੁਛ ਮਿਲੇ ਆਨ ਅਖਿਤ[6], ਸੋਂ ਸੁਤ ਦਾਰਾ[7] ਸਿਰ ਮੇਲੇ ।
ਹਰਿਜਨ ਹਰਿ ਬਿਨੁ ਔਰ ਨ ਜਾਨੈ, ਤਜੈ ਆਨ ਤਨੁ ਤਿਆਗੀ ।
ਕਹੈ 'ਰਵਿਦਾਸ' ਸੋਈ ਜਨ ਨਿਰਮਲ, ਨਿਸਿ ਦਿਨ ਨਿਜੁ ਅਨੁਰਾਗੀ[8] ॥6॥
ਭਗਤੀ ਐਸੀ ਸੁਨਹੁ ਰੇ ਭਾਈ ! ਆਈ ਭਗਤਿ ਤਉ ਗਈ ਬੜਾਈ ॥ ਟੇਕ ॥
ਕਹਾ ਭਯੋ ਨਾਚੈ ਅਰੁ ਗਾਯੈਂ, ਕਹਾ ਭਯੋ ਤਪ ਕੀਨ੍ਹੈ ।
ਕਹਾ ਭਯੋ ਜੇ ਚਰਨ ਪਰਵਾਲੇ[9], ਜੌ ਲੌਂ ਪਰਮ ਤੱਤ ਨਹੀਂ ਚੀਨ੍ਹੈ ॥
ਕਹੈ 'ਰਵਿਦਾਸ' ਤੇਰੀ ਭਗਤੀ ਦੂਰ ਹੈ, ਭਾਗ ਬੜੇ ਸੋ ਪਾਵੈ ।
ਤਜਿ ਅਭਿਮਾਨ ਮੇਟਿ ਆਪਾ ਪਰ,[10] ਪਿਪਲਕ[11] ਹ੍ਵੈ ਚੁਣਿ ਖਾਵੈ ॥7॥

ਐਸੀ ਭਗਤਿ ਨ ਹੋਈ, ਰੇ ਭਾਈ !
ਰਾਮ ਨਾਮ ਬਿਨ ਜੋ ਕਛੁ ਕਰੀਏ, ਸੋ ਸਭ ਭਰਮ ਕਹਾਈ ॥ ਟੇਕ ॥
ਭਗਤਿ ਨ ਰਸ ਦਾਨ ਭਗਤਿ ਨ ਕਥੈ ਗਯਾਨ,ਭਗਤਿ ਨ ਬਨ ਮੇਂ ਗੁਫਾ ਖੁਦਾਈ ।
ਭਗਤਿ ਨ ਐਸੀ ਹਾਂਸੀ, ਭਗਤਿ ਨ ਆਸਾ ਪਾਸੀ,ਭਗਤਿ ਨ ਕੁਲ ਕਾਨਿ[12] ਗਵਾਈ ॥

---

1. ਬਿਰਛ, ਰੁਖ 2. ਸੱਚੀ 3. ਸਤੋਗੁਣ (ਉਤਮ ਗੁਣ), ਰਜੋਗੁਣ (ਰਾਜ ਗੁਣ), ਤਮੋ ਗੁਣ (ਤਾਮਸਿਕ ਗੁਣ) 4. ਦੂਸਰਾ, ਹੋਰ 5. ਇਧਰ ਉਧਰ, ਜਗ੍ਹਾ ਜਗ੍ਹਾ 6. ਅਨਾਜ (ਕਣਕ ਤੇ ਚਾਵਲ) 7. ਪਤਨੀ 8. ਪ੍ਰੇਮੀ 9. ਧੋਣ ਨਾਲ 10. ਆਪਣੇ ਪਰਾਏ ਦਾ ਵਿਚਾਰ 11. ਕੀੜੀ 12. ਲੋਕ ਲਾਜ, ਲਿਹਾਜ

ਭਗਤਿ ਨ ਇੰਦਰੀ ਬਾਂਧੈ, ਭਗਤਿ ਨ ਜੋਗ ਸਾਧੈ ।
ਭਗਤਿ ਨ ਆਹਾਰ[1] ਘਟਾਈ, ਏ ਸਬ ਕਰਮ ਕਹਾਈ ॥
ਭਗਤਿ ਨ ਨਿੰਦ੍ਰਾ ਸਾਧੈ, ਭਗਤਿ ਨ ਬੈਰਾਗ ਬਾਂਧੈ
ਭਗਤਿ ਨ ਏ ਸਬ ਬੇਦ ਬੜਾਈ ॥
ਭਗਤਿ ਨ ਮੂੰਡ ਮੁਡਾਏ, ਭਗਤਿ ਨ ਮਾਲਾ ਦਿਖਾਈ ।
ਭਗਤਿ ਨ ਚਰਨ ਧੋਵਾਏ, ਏ ਸਬ ਗੁਨੀ ਜਨ ਕਹਾਈ ।
ਭਗਤਿ ਨ ਤੌਂ ਲੌਂ ਜਾਨੀ, ਜੌ ਲੌ ਆਪ ਕੂੰ ਆਪ ਬਖਾਨੀ ।
ਜੋਈ ਜੋਈ ਕਰੈ ਸੋਈ ਸੋਈ ਕਰਮ ਬੜਾਈ ॥
ਆਪਾ ਗਯੋ ਤਬ ਭਗਤਿ ਪਾਈ, ਐਸੀ ਭਗਤਿ ਹੈ ਭਾਈ ।
ਰਾਮ ਮਿਲਯੋ ਅਪਨੋ ਗੁਨ ਖੋਯੋ, ਰਿਧਿ ਸਿਧਿ ਸਬੈ ਜੁ ਗੰਵਾਈ ।
ਕਹੈ 'ਰਵਿਦਾਸ' ਛੂਟੀ ਆਸ, ਤਬ ਹਰਿ ਤਾਹੀ ਕੇ ਪਾਸ ।
ਆਤਮਾ ਥਿਰ[2] ਭਈ, ਤਬ ਸਬ ਹੀ ਨਿਧਿ ਪਾਈ ॥8॥

ਜਯੂੰ ਤੁਮ ਕਾਰਨਿ ਕੇਸਵੇ, ਅੰਤਰਿ ਲਯੋ ਲਾਗੀ ।
ਏਕ ਅਨੁਪਮ ਅਨਭਵੈਂ, ਕਿਮ ਹੋਇ ਬਿਭਾਗੀ[3] ॥ ਟੇਕ ॥
ਏਕ ਅਭਿਮਾਨੀ ਚਾਤ੍ਰਿੰਗ,[4] ਬਿਚਰਤ ਜਗੁ ਮਾਂਹੀ ।
ਜਦਪਿ ਜਲ ਪੂਰਣ ਮਹੀ, ਕਹੁੰ ਵਾ ਰੁਚਿ ਨਾਂਹੀ ।
ਜੈਸੇ ਕਾਮੀ ਦੇਖੈ ਕਾਮਨੀ, ਰਿਦੈ ਸੂਲ ਉਪਾਈ ।
ਕੋਟਿ ਬੈਦ ਵਿਧ ਉਚਰੈ, ਵਾਕੀ ਬਿਥਾ ਨ ਜਾਈ ॥
ਜੋ ਜਿਹਿੰ ਚਾਹੇ ਸੋ ਮਿਲੇ, ਆਰਤਿ[5] ਗਤਿ ਹੋਈ ।
ਕਹੈ 'ਰਵਿਦਾਸ' ਯਹੁ ਗੋਪਿ[6] ਨਾਂਹੀ, ਜਾਨੈ ਸਬ ਕੋਈ ॥9॥

ਮਾਈ ! ਗੋਬਿੰਦ ਪੂਜਾ ਕਹਾ ਲੈ ਚਰਾਵਉ ।
ਫਲੁ ਅਰੁ ਫੂਲੁ ਅਨੁਪਨ ਪਾਵਉ ॥ ਟੇਕ ॥
ਦੂਧੁ ਤ ਬਛਰੈ ਥਨਹੁ ਬਿਟਾਰਿਓ,[7] ਫੂਲੁ ਭੰਵਰੇ ਜਲੁ ਮੀਨ ਬਿਗਾਰਿਓ ।
ਮੈਲਾਗਰ[8] ਬੈ ਰਹੈ ਭੁਇਅੰਗਾ[9], ਬਿਖੁ ਅੰਮ੍ਰਿਤ ਬਸਹਿ ਇਕ ਸੰਗਾ ॥

---

1. ਭੋਜਨ 2. ਸਥਿਰ 3. ਅਲਗ 4. ਚਾਤ੍ਰਿਕ ਪੰਛੀ 5. ਰੋਗ, ਦੁੱਖ 6. ਗੁਪਤ
7. ਜੂਠਾ ਕਰਨਾ 8. ਮਲਿਆਗਿਰੀ ਪਰਬਤ 9. ਸੱਪ

ਧੂਪ ਦੀਪ ਨਈਬੇਦਹਿੰ ਬਾਸਾ[1], ਕੈਸੇ ਪੂਜ ਕਰਹਿ ਤੇਰੀ ਦਾਸਾ ।
ਤਨੁ ਮਨੁ ਅਰਪਉਂ ਪੂਜ ਚਰਾਵਉਂ, ਗੁਰ ਪਰਸਾਦਿ ਨਿਰੰਜਨ ਪਾਵਉਂ ।
ਪੂਜਾ ਅਰਚਾ ਆਹਿ ਨ ਤੋਰੀ, ਕਹਿ 'ਰਵਿਦਾਸ' ਕਵਨ ਗਤਿ ਮੋਰੀ ॥10॥

ਇਹੋ ਅੰਦੇਸੋ[2] ਰਾਮ ਰਾਇ !
ਰੈਨਿ ਦਿਨ ਮੋਰੇ, ਨਿਸਿ ਬਾਸਰ ਗੁਨ ਗਾਊਂ ਤੋਰੈ ॥ ਟੇਕ ॥
ਤੁਮ ਚਯੰਤਤ[3] ਮੋਰੀ ਚਯੰਤਾ[4] ਹੀ ਨ ਜਾਹੀਂ, ਤੁਮ ਚਯੰਤਾਮਨਿ[5] ਹੋਹੁ ਕਿ ਨਾਂਹੀ ।
ਭਗਤਿ ਹੇਤ ਤੁਮ ਕਹਾ ਨ ਕੀਨਾਂ, ਹਮਰੀ ਬੇਰ[6] ਕਹਾ[7] ਬਲਹੀਨਾ ॥
ਕਹੈ 'ਰਵਿਦਾਸ' ਦਾਸ ਅਪਰਾਧੀ, ਜੋ ਤੁਮ ਦਰਵੋ[8] ਸੋ ਮੈਂ ਭਗਤਿ ਨ ਸਾਧੀ ॥11॥

ਮਾਧਵੇ ! ਜਾਨਤ ਹਹੁ ਜੈਸੀ ਤੈਸੀ[9] ਅਬ ਕਹਾ ਕਰਹੁਗੇ ਐਸੀ ॥ ਰਹਾਉ ॥
ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬੰਧਨਿ ਤੁਮ ਬਾਧੇ ॥
ਅਪਨੇ ਛੁਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥
ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ[10] ਕੀਓ ਬਹੁ ਬਾਨੀ[11] ।
ਖੰਡ ਖੰਡ ਕਰ ਭੋਜਨੁ ਕੀਨੋ ਤਉ ਨ ਬਿਸਰਿਓ ਪਾਨੀ ।
ਆਪਨ ਬਾਪੈ ਨਾਹੀਂ ਕਿਸੀ ਕੋ ਭਾਵਨ ਕੋ ਹਰਿ ਰਾਜਾ ।
ਮੋਹ ਪਟਲ ਸਭੁ ਜਗਤੁ ਬਿਆਪਿਓ, ਭਗਤ ਨਹੀਂ ਸੰਤਾਪਾ ॥
ਕਹਿ ਰਵਿਦਾਸ ਭਗਤਿ ਇਕ ਬਾਢੀ[12] ਅਬ ਇਹ ਕਾ ਸਿਉ ਕਹੀਐ ।
ਜਾ ਕਾਰਨਿ ਹਮ ਤੁਮ ਆਰਾਧੇ, ਸੋ ਦੁਖੁ ਅਜਹੂ ਸਹੀਐ ॥12॥

ਐਸਾ ਧਿਆਨ ਧਰੋਂ ਬਨਵਾਰੀ, ਮਨ ਪਵਨ ਦਿਢਿ ਸੁਖਮਨ ਨਾਰੀ[13] ॥ ਟੇਕ ॥
ਸੋਈ ਜਪ ਜਪੋ ਜੁ ਬਹੁਰਿ ਨ ਜਪਨਾ, ਸੋਈ ਤਪ ਤਪੌ ਜੋ ਬਹੁਰਿ ਨ ਤਪਨਾ ।
ਸੋ ਗੁਰ ਕਰੋਂ ਜੁ ਬਹੁਰਿ ਨ ਕਰਨਾ, ਐਸੋ ਮਰੋਂ ਜੁ ਬਹੁਰਿ ਨ ਮਰਨਾ ॥
ਉਲਟੀ ਗੰਗ ਜਮਨ ਮੈਂ ਲਯਾਓਂ, ਬਿਨ ਹੀ ਜਲ ਮੰਜਨ[14] ਹ੍ਵੈ ਆਓਂ ॥
ਲੋਚਨ ਭਰ ਭਰ ਬਯੰਬ[15] ਨਿਹਾਰੋਂ, ਜੋਤਿ ਬਿਚਾਰਿ ਨ ਅਵਰ ਬਿਚਾਰੋਂ ॥

1. ਸੁਗੰਧ 2. ਚਿੰਤਾ 3. ਸਿਮਰਨ ਕਰਦੇ ਹੋਏ 4. ਤੈਨੂੰ ਪਾਉਣ ਦੀ ਇੱਛਾ 5. ਚਿੰਤਮਣੀ, ਇੱਛਾਵਾਂ ਨੂੰ ਪੂਰਾ ਕਰਨ ਵਾਲੇ 6. ਵਾਰੀ 7. ਕਿਉਂ 8. ਪੰਘਰੋ, ਦਿਆਲੂ ਬਣੋ 9. ਵਾਸਤਵਿਕਤਾ, ਜਿਹੋ ਜਹੀ ਦਸ਼ਾ 10. ਰਿੰਨ੍ਹਣਾ 11. ਅਨੇਕ ਤਰ੍ਹਾਂ ਨਾਲ 12. ਵਧੀ । 13. ਸੁਖਮਨਾ ਨਾੜੀ 14. ਇਸ਼ਨਾਨ 15. ਬਿੰਬ, ਝਾਕੀ, ਦਰਸ਼ਨ

ਪਖੰਡ ਪਰੈ ਜੀਵ ਜਿਸ ਘਰਿ ਜਾਤਾ, ਸਬਦ ਅਤੀਤ ਅਨਾਹਦ ਰਾਤਾ ।
ਜਾ ਪਰਿ ਕ੍ਰਿਪਾ ਸੋਈ ਭਲ ਜਾਨੈ, ਗੂੰਗੋ ਸਾਕਰ[1] ਕਹਾ ਬਖਾਨੈ ।
ਸੁੰਨਿ ਮੰਡਲ[2] ਮੈਂ ਮੇਰਾ ਬਾਸਾ, ਤਾਥੈਂ ਜੀਵ ਮੈਂ ਰਹੌਂ ਉਦਾਸਾ ।
ਕਹੈ 'ਰਵਿਦਾਸ' ਨਿਰੰਜਨ ਧਯਾਉਂ, ਜਿਸ ਘਰਿ ਜਾਉਂ ਬਹੁਰਿ ਨਾ ਆਉਂ ।।13।।

ਮੇਰੀ ਪ੍ਰੀਤਿ ਗੋਬਿੰਦ ਸਿਉਂ ਜਿਨਿ[3] ਘਟੈ,
ਮੈਂ ਤਉ ਮੋਲਿ ਮਹੰਗੀ ਲਈ ਜੀਅ ਸਟੈ[4] ।। ਟੇਕ ।।

ਚਿਤ ਸਿਮਰਤ ਕਰਉਂ ਨੈਨ ਅਵਿਲੋਕਨੋ, ਸ੍ਰਵਣ ਬਾਨੀ ਸੁਜਸੁ ਪੂਰਿ ਰਾਖਉਂ ।।
ਮਨ ਸੁ ਮਧੁਕਰੁ[5] ਕਰਉਂ ਚਰਨ ਹਿਰਦੈ ਧਰਉਂ, ਅੰਮ੍ਰਿਤ ਰਾਮ ਨਾਮ ਭਾਖਉ ।।
ਸਾਧ ਸੰਗਤਿ ਬਿਨ ਭਾਉ[6] ਨ ਊਪਜੈ, ਭਾਵ ਬਿਨ ਭਗਤਿ ਨ ਹੋਇ ਤੇਰੀ ।।
ਕੇਕੇ 'ਰਵਿਦਾਸ' ਇਕ ਬੇਨਤੀ ਹਰਿ ਸਿਉਂ, ਪੈਜ[7] ਰਾਖਹੁ ਰਾਜਾ ਰਾਮ ਮੇਰੀ ।।14।।

ਨਾਥ ! ਕਛੂਅ ਨ ਜਾਨਉਂ ਮਨੁ ਮਾਈਆ ਕੈ, ਹਾਥਿ ਬਿਕਾਨਉਂ ।। ਟੇਕ ।।
ਤੁਮ ਕਹੀਯਤ ਹੌ ਜਗਤ ਗੁਰ ਸੁਆਮੀ, ਹਮ ਕਹੀਯਤ ਕਲਿਜੁਗ ਕੇ ਕਾਮੀ ।
ਇਨ ਪੰਚਮ[8] ਮੇਰੋ ਮਨ ਜੁ ਬਿਗਾਰਿਉ, ਪਲ ਪਲ ਹਰਿ ਜੀ ਤੈ ਅੰਤਰੁ ਪਾਇਓ[9] ।।
ਜਤ ਦੇਖਉ ਤਤ ਦੁਖ ਕੀ ਰਾਸੀ, ਅਜੌਂ ਨ ਪਤਯਾਇ ਨਿਗਮ ਭਏ ਸਾਖੀ ।
ਗੌਤਮ ਨਾਰਿ[10] ਉਮਾਪਤਿ ਸ੍ਵਾਮੀ[11] ਸੀਸ ਧਰਨਿ ਸਹਸ ਭਗ ਗਾਮੀ ।।
ਇਨ ਦੂਤਨ ਖਲੁ ਬਧੁ ਕਰਿ ਮਾਰਿਓ, ਬੜੋ ਨਿਲਾਜੁ[12] ਅਜਹੁ ਨਹੀਂ ਹਾਰਿਓ ।
ਕਹਿ 'ਰਵਿਦਾਸ' ਕਹਾ ਕੈਸੇ ਕੀਜੈ, ਬਿਨ ਰਘੁਨਾਥ ਸਰਨ ਕਾ ਕੀ ਲੀਜੈ ।।15।।

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ।
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ ।। ਰਹਾਉ ।।
ਨਾਮੁ ਤੇਰੋ ਆਸਨੋ[13] ਨਾਮੁ ਤੇਰੋ ਉਰਸਾ[14] ਨਾਮੁ ਤੇਰਾ ਕੇਸਰੋ[15] ਲੈ ਛਿਟਕਾਰੇ ।
ਨਾਮ ਤੇਰਾ ਅੰਭੁਲਾ ਨਾਮ ਤੇਰੋ ਚੰਦਨੋਂ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ।।
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ।
ਨਾਮੁ ਤੇਰੇ ਕੀ ਜੋਤਿ ਜਗਾਈ ਭਇਓ ਉਜਿਆਰੋ ਭਵਨ ਸਗਲਾਰੇ ।।

1. ਸ਼ੱਕਰ, ਚੀਨੀ 2. ਪਰਮ ਪਦ 3. ਨਹੀਂ 4. ਹਿਰਦੇ ਵਿਚ ਲਗੇ, ਸਮਾਏ ਹੋਏ 5. ਭੌਰਾ 6. ਸ਼ਰਧਾ 7. ਲਾਜ 8. ਪੰਜ ਵਿਕਾਰ—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ 9. ਭੇਦ ਪਾਉਣਾ 10. ਅਹੱਲਿਆ 11. ਸ਼ਿਵ 12. ਨਿਰਲੱਜ, ਬੇਸ਼ਰਮ 13. ਆਸਣ, ਬੈਠਣ ਦੀ ਚੀਜ਼, ਕੱਪੜਾ, ਚੌਕੀ ਆਦਿ। 14. ਚੰਦਨ ਰਗੜਨ ਵਾਲਾ ਪੱਥਰ 15. ਕੇਸਰ

ਨਾਮੁ ਤੇਰੋ ਤਾਗਾ, ਨਾਮੁ ਫੂਲ-ਮਾਲਾ ਭਾਰ ਅਠਾਰਹ[1] ਸਗਲ ਜੂਠਾਰੇ ।
ਤੇਰੋ ਕੀਆਂ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ ।
ਦਸ ਅਠਾ[2] ਅਠਸਠੇ[3] ਚਾਰੇ ਖਾਣੀ[4] ਇਹੈ ਵਰਤਣਿ ਹੈ ਸਗਲ ਸੰਸਾਰੇ ।
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥16॥

ਬੇਨਤੀ

ਨਰਹਰਿ ! ਚੰਚਲ ਮਤਿ ਮੋਰੀ, ਕੈਸੇ ਭਗਤੀ ਕਰੂੰ ਰਾਮ ਤੋਰੀ ॥ ਟੇਕ ॥
ਤੂੰ ਮੋਹਿ ਦੇਖੈ ਮੈਂ ਤੋਹਿ ਦੇਖੂ, ਪ੍ਰੀਤਿ ਪਰਸਪਰ ਹੋਈ ।
ਤੂੰ ਮੋਹਿ ਦੇਖੈ ਹੋਂ ਤੋਹਿੰ ਨ ਦੇਖੂ, ਇਹ ਮਤਿ ਸਬ ਬੁਧਿ ਖੋਈ ।
ਸਭ ਘਟਿ ਅੰਤਰਿ ਰਮਸਿ ਨਿਰੰਤਰ, ਮੈਂ ਦੇਖਤ ਹੀ ਨਹੀਂ ਜਾਨਾ ।
ਗੁਨ ਸਬ ਤੋਰ ਮੋਰ ਸਬ ਔਗਨ, ਕ੍ਰਿਤ[5] ਉਪਗਾਰ[6] ਨ ਮਾਨਾ ।
ਮੈਂ ਤੈਂ ਤੋਰਿ ਮੋਰਿ ਅਸਮਝਿ[7] ਸੋਂ, ਕੈਸੈ ਕਰਿ ਨਿਸਤਾਰਾ ।
ਕਹੈ 'ਰਵਿਦਾਸ' ਕ੍ਰਿਸਨ ਕਰੁਣਾਮੈ,[8] ਜੈ ਜੈ ਜਗਤ ਅਧਾਰਾ ॥17॥

ਰਾਮ ਗੁਸਈਆ ਜੀਅ ਕੇ ਜੀਵਨਾ, ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥ ਰਹਾਉ ॥
ਮੇਰੀ ਸੰਗਤਿ ਪੋਚ[9] ਸੋਚ ਦਿਨੁ ਰਾਤੀ, ਮੇਰਾ ਕਰਮੁ ਕੁਟਿਲਤਾ ਜਨਮੁ ਕਭਾਂਤੀ ॥
ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ।
ਚਰਣ ਨ ਛਾਡਹੁ ਸਰੀਰ ਕਲ ਜਈ ।
ਕਹਿ ਰਵਿਦਾਸ ਪਰਉ ਤੇਰੀ ਸਾਭਾ,[10]
ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥18॥

ਜਉਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ।
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥
ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ।
ਕਨਕ-ਕਟਿਕ[11] ਜਲ-ਤਰੰਗ ਜੈਸਾ ॥

---

1. ਬਨਸਪਤੀਆਂ ਦੇ ਅਠਾਰਾਂ ਭਾਰ, ਸਾਰੀ ਬਨਸਪਤੀ ਦੇ ਪੱਤੇ ਅਤੇ ਫੁੱਲ 2. ਪੁਰਾਣਾ 3. ਅਠਾਹਠ ਤੀਰਥ 4. ਚਾਰ ਦਿਸ਼ਾਵਾਂ ਅਥਵਾ ਅੰਡਜ, ਜੇਰਜ, ਉਤਭੁਜ, ਸੇਤਜ— ਚਾਰ ਜੋਨੀਆਂ 5. ਕੀਤਾ ਹੋਇਆ 6. ਉਪਕਾਰ 7. ਅਗਿਆਨ 8. ਕਰੁਣਾਮਈ, ਦਿਆਲੂ 9. ਨੀਚ, ਬੁਰੀ 10. ਸਭਾ, ਸ਼ਰਣ 11. ਗਹਿਣਾ

ਤੁਮ੍ਹ ਜੋ ਨਾਇਕ ਆਛਹੁ[1] ਅੰਤਰਜਾਮੀ ।
ਪ੍ਰਭ ਤੇਂ ਜਨ ਜਾਨੀਜੈ ਜਨ ਤੇ ਸੁਆਮੀ ।
ਸਰੀਰ ਆਰਾਧੈ ਮੋਕਉਂ ਬੀਚਾਰੁ[2] ਦੇਹੂ ।।
'ਰਵਿਦਾਸ' ਸਮਦਲ[3] ਸਮਝਾਵੈ ਕੋਊ ।।19।।

ਤੁਝਹਿੰ ਚਰਨ ਅਰਵਿੰਦ ਭਵਨ ਮਨੁ ਪਾਨ ਕਰਤ,
ਪਾਇਓ ਪਾਇਓ ਰਾਮਈਆ ਧਨੁ ।। ਟੇਕ ।।
ਸੰਪਤਿ ਬਿਪਤ ਪਟਲ ਮਾਇਆ ਧਨੁ, ਤਾਮਹਿੰ ਮਗਨ ਹੋਤ ਨ ਤੇਰੋ ਜਨੁ ।।
ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ,[4] ਪ੍ਰੇਮ ਜਾਇ ਤਉ ਡਰਪੈ[5] ਤੇਰੋ ਜਨੁ ।।
ਪ੍ਰੇਮ ਦੀ ਜੇਵਰੀ[6] ਬਾਂਧਿਓਤੇ ਰੋ ਜਨ, ਕਹਿ 'ਰਵਿਦਾਸ' ਛੂਟਿਬੋ ਕਵਨ ਗੁਨਾ ।।20।।

ਮਾਧਵੇ ! ਤੁਮ ਨ ਤੋਰਹੁ ਤਉ ਹਮ ਨਹੀਂ ਤੋਰਹਿ
ਤੁਮ ਸਿਉ ਤੋਰਿ ਕਵਨ ਸਿਉਂ ਜੋਰਹਿ ।। ਰਹਾਉ ।।
ਜਉ ਤੁਮ ਗਿਰਿਵਰ ਤਉ ਹਮ ਮੋਰਾ ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ।
ਜਉ ਤੁਮ ਦੀਵਰਾ ਤਉ ਹਮ ਬਾਤੀ ਜਉ ਤੁਮ ਤੀਰਥ ਤਉ ਹਮ ਜਾਤੀ[8] ।
ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ।।
ਜਹ ਜਹ ਜਉ ਤਹਾ ਤੇਰੀ ਸੇਵਾ ਤੁਮ ਸੋ ਠਾਕੁਰੁ ਆਉਰੁ ਨ ਦੇਵਾ ।।
ਤੁਮਰੇ ਭਜਨ ਕਟਹਿ ਜਮ ਫਾਸਾ ਭਗਤਿ ਹੇਤ ਗਾਵੈ ਰਵਿਦਾਸਾ ।।21।।

ਪਾਵਨ ਜਸ ਮਧਵ ! ਤੋਰਾ, ਤੁਮ ਦਾਰਨ[9] ਅਘ[10] ਮੋਚਨ ਮੋਰਾ ।। ਟੇਕ ।।
ਕੀਰਤਿ ਤੇਰੀ ਪਾਪ ਬਿਨਾਸੈ, ਲੋਕ ਬੇਦ ਯੂੰ ਗਾਵੈ ।
ਜੋ ਹਮ ਪਾਪ ਕਰਤ ਨਹੀਂ ਭੂਧਰ,[11] ਤਉ ਤੂੰ ਕਹਾ ਨਸਾਵੈ ।।
ਜਬ ਲਗਿ ਅੰਗ ਪੰਕ[12] ਨਹੀਂ ਪਰਸੈ, ਤੌ ਜਲ ਕਹਾ ਪਖਾਲੈ ।
ਮਨ ਮਲੀਨ ਬਿਖਿਆ ਰਸ ਲੰਪਟ, ਤੌ ਹਰਿ ਨਾਵ ਸੰਭਾਲੈ ।।
ਜੋ ਹਮ ਰਿਦੈ ਸੁਧ ਬਿਮਲ ਚਿੱਤ, ਦੋਸ ਕਵਨ ਪਰਿ ਧਰਿ ਹੌ ।।
ਕਹੈ 'ਰਵਿਦਾਸ' ਪ੍ਰਭੂ ਤੁਮ ਦਯਾਲ ਹੋ, ਅਬੰਧ[13] ਮੁਕਤਿ ਕਾ ਕਰਿ ਹੌ ।।22।।

1, ਹੋ 2. ਸੁਮੱਤ 3. ਸੱਭ ਨਾਲ ਬਰਾਬਰ ਸਲੂਕ ਕਰਨ ਵਾਲਾ 4. ਦੁਰਬਲ ਤੋਂ ਦੁਰਬਲਤਰ 5. ਡਰਦਾ ਹੈ 6. ਰੱਸੀ 7. ਉਪਾਅ, ਤਰੀਕਾ 8. ਯਾਤਰੀ 9. ਕਠੋਰ 10. ਪਾਪ 11. ਪਹਾੜ ਵਰਗੇ 12. ਚਿੱਕੜ 13, ਬੰਧਨ ਰਹਿਤ, ਮੁਕਤ

ਅਬ ਕੈਸੇ ਛੂਟੇ ਨਾਮ ਰਟ ਲਾਗੀ ॥ ਟੇਕ ॥
ਪ੍ਰਭੂ ਜੀ ਤੁਮ ਚੰਦਨ ਹਮ ਪਾਨੀ, ਜਾਕੀ ਅੰਗ-ਅੰਗ ਬਾਸ[1] ਸਮਾਨੀ ।
ਪ੍ਰਭੂ ਜੀ ਤੁਮ ਘਨ[2] ਬਨ ਹਮ ਮੋਰਾ, ਜੈਸੇ ਚਿਤਵਤ ਚੰਦ ਚਕੋਰਾ ॥
ਪ੍ਰਭੂ ਜੀ ਤੁਮ ਦੀਪਕ ਹਮ ਬਾਤੀ,[3] ਜਾਕੀ ਜੋਤਿ ਬਰੈ[4] ਦਿਨ ਰਾਤੀ ॥
ਪ੍ਰਭੂ ਜੀ ਤੁਮ ਮੋਤੀ ਹਮ ਧਾਗਾ, ਜੈਸੇ ਸੋਨਹਿੰ ਮਿਲਤੁ ਸੁਹਾਗਾ ॥
ਪ੍ਰਭੂ ਜੀ ਤੁਮ ਸੁਾਮੀ ਹਮ ਦਾਸਾ, ਜੈਸੀ ਭਗਤਿ ਕਰੈ 'ਰਵਿਦਾਸਾ' ॥23॥

ਯਾ ਰਾਮਾਂ ਏਕ ਤੂ ਦਾਨਾ, ਤੇਰਾ ਆਦਿ ਭੇਖ ਨਾ ।
ਤੂ ਸੁਲਤਾਨ ਸੁਲਤਾਨਾ, ਬੰਦਾ ਸਕਿਸਤਾ[5] ਅਜਾਨਾ ॥ ਟੇਕ ॥
ਮੈਂ ਬੇਦਿਆਨਤ[6] ਬੇਨਜ਼ਰ,[7] ਦਰਮੰਦ[8] ਬਰਖੁਰਦਾਰ[9] ।
ਬੇ ਅਦਬ ਬਦਬਖਤ[10] ਵੀਰਾਂ,[11] ਵੇ ਅਕਲਿ ਬਦਕਾਰ ॥
ਮੈਂ ਗੁਨਹਗਾਰ ਗੁਮਰਾਹ[12] ਗਾਫ਼ਿਲ,[13] ਕਮਦਿਲਾਂ[14] ਦਿਲਤਾਰ[15]
ਤੂ ਦਰਕਦਰ[16] ਦਰਿਆ ਦਿਲ,[17] ਮੈਂ ਹਿਰਸਿਯਾ ਹੁਸਿਆਰ[18] ॥
ਮੈਂ ਹਸਤ ਖਸਤ ਖ਼ਰਾਬ,[19] ਖਾਤਿਰ[20] ਅੰਦੇਸਾ[21] ਬਿਸਿਯਾਰ[22] ॥
'ਰਵਿਦਾਸ' ਦਾਸਹਿ ਬੋਲਿ ਸਾਹਿਬ ਦੇਹੁ ਅਬ ਦੀਦਾਰ ॥24॥

ਜਗਾਵਾ (ਵੈਰਾਗ)

ਕਿਆ ਤੂ ਸੋਇਆ ਜਾਗੁ ਇਆਨਾ[23] । ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥ਰਹਾਉ॥
ਜੋ ਦਿਨ ਆਵਹਿ ਸੋ ਦਿਨ ਜਾਹੀ । ਕਰਨਾ ਕੂਚੁ ਰਹਨੁ ਥਿਰੁ ਨਾਹੀ ॥
ਸੰਗੁ ਚਲਤ ਹੈ ਹਮ ਭੀ ਚਲਨਾ । ਦੂਰਿ ਗਵਨੁ ਸਿਰ ਊਪਰਿ ਮਰਨਾ ॥
ਜਿਨਿ ਜੀਉ ਦੀਆ ਸੁ ਰਿਜਕੁ[24] ਅੰਬਰਾਵੈ[25] । ਸਭ ਘਟ ਭੀਤਰਿ ਹਾਟੁ ਚਲਾਵੈ ॥
ਕਰਿ ਬੰਦਗੀ ਛਾਡਿ ਮੈ ਮੇਰਾ । ਹਿਰਦੈ ਨਾਮੁ ਸਮ੍ਹਾਰਿ ਸਵੇਰਾ ।
ਜਨਮੁ ਸਿਰਾਨੋ[26] ਪੰਥੁ ਨ ਸਵਾਰਾ । ਸਾਂਝ ਪਰੀ ਦਹ ਦਿਸ[27] ਅੰਧਿਆਰਾ ।
ਕਹਿ ਰਵਿਦਾਸ ਨਿਦਾਨਿ ਦਿਵਾਨੇ, ਚੇਤਸਿ ਨਾਹੀ ਦੁਨੀਆ ਫਨ ਖਾਨੇ[28] ॥25॥

1. ਸੁਗੰਧ 2. ਬੱਦਲ 3. ਬੱਤੀ 4. ਬਲਦੀ ਹੈ 5. ਨਿਰਬਲ, ਟੁੱਟਿਆ ਹੋਇਆ 6. ਬੇਈਮਾਨ, ਅਧਰਮੀ 7. ਅਗਿਆਨੀ, ਅੰਧਾ 8. ਸ਼ਰਣਾਗਤ 9. ਪੁੱਤਰ, ਪਿਆਰਾ 10. ਬਦਕਿਸਮਤ 11. ਵੀਰਾਨ 12. ਰਾਹੋਂ ਭਟਕਿਆ 13. ਲਾਪਰਵਾਹ 14. ਛੋਟੇ ਦਿਲ ਵਾਲਾ 15. ਕਾਲੇ ਦਿਲ ਵਾਲਾ 16. ਸ਼ਰਣ ਦੇਣ ਵਾਲਾ 17. ਵੱਡੇ ਦਿਲ ਵਾਲਾ, ਉਦਾਰ 18. ਚਤੁਰ 19. ਖ਼ਾਲੀ ਹੱਥ, ਬੁਰਾ ਹਾਲ 20. ਦਿਲ 21. ਸ਼ੱਕ 22. ਕਾਫ਼ੀ, ਬਹੁਤ ਅਧਿਕ 23. ਨਾਸਮਝ 24. ਰੋਜ਼ੀ 25. ਪੈਦਾ ਕਰਦਾ ਹੈ, ਦਿੰਦਾ ਹੈ 26. ਬੀਤ ਗਿਆ ਹੈ 27. ਦਸੇ ਦਿਸ਼ਾਵਾਂ 28. ਧੋਖੇ ਦਾ ਘਰ, ਨਾਸ਼ਵਾਨ

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ।
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ।। ਰਹਾਉ ।।
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ । ਮਾਇਆ ਗਈ ਤਬ ਰੋਵਨੁ ਲਗਤੁ ਹੈ ।।
ਮਨ ਬਚ ਕ੍ਰਮ ਰਸ[1] ਕਸਹਿ ਲੁਭਾਨਾ । ਬਿਨਸਿ ਗਾਇਆ ਜਾਇ ਕਹੂੰ ਸਮਾਨਾ ?
ਕਹਿ ਰਵਿਦਾਸ ਬਾਜੀ[2] ਜਗੁ ਭਾਈ ।
ਬਾਜੀਗਰ[3] ਸਉ ਮੋਹਿ ਪ੍ਰੀਤਿ ਬਨਿ ਆਈ ।।26।।

ਇਹ ਤਨੁ ਐਸਾ ਜੈਸੇ ਘਾਸ ਕੀ ਟਾਟੀ[4] ।
ਜਲਿ ਗਇਓ ਘਾਸ ਰਲਿ ਗਇਓ ਮਾਟੀ ।। ਟੇਕ ।।
ਊਚੇ ਮੰਦਰ ਸਾਲ ਰਸੋਈ, ਏਕ ਘਰੀ ਫੁਨਿ ਰਹਨੁ ਨ ਹੋਈ ।
ਭਾਈ ਬੰਧੁ ਕੁਟੰਬ ਸਹੇਰਾ,[5] ਉਇ ਭੀ ਲਾਗੈ ਕਾਢੁ ਸਬੇਰਾ ।
ਘਰਿ ਕੀ ਨਾਰਿ ਉਰਹਿੰ ਤਨ ਲਾਗੀ, ਉਹ ਤਉ ਭੂਤੁ ਭੂਤੁ ਕਰਿ ਭਾਗੀ ।
ਕਹਿ 'ਰਵਿਦਾਸ' ਸਭੈ ਜਗੁ ਲੂਟਿਆ, ਹਮ ਤਉ ਏਕ ਰਾਮ ਕਹਿ ਛੂਟਿਆ ।।27।।

ਰੇ ਮਨ ! ਰਾਮ ਨਾਮ ਸੰਭਾਰਿ ।
ਮਾਯਾ ਕੇ ਭ੍ਰਮਿ ਕਹਾ ਭੂਲਯੋ, ਜਾਹਿਗੋ ਕਰ[6] ਝਾਰਿ ।। ਟੇਕ ।।
ਦੇਖਿ ਧੌਂ[7] ਇਹਾਂ ਕੌਨ ਤੇਰੋ ਸਗੋ ਸੁਤ ਨਹੀਂ ਨਾਰਿ ।
ਤੋਰਿ ਤੰਗ[8] ਸਬ ਦੂਰਿ ਕਰਿਹੈਂ, ਦੇਹਿੰਗੇ ਤਨੁ ਜਾਰਿ ।
ਪ੍ਰਾਨ ਗਯੇ ਕਹੁ ਕੌਨ ਤੇਰੋ, ਦੇਖਿ ਸੋਚਿ ਬਿਚਾਰਿ ।
ਬਹੋਰਿ ਇਹਿ ਕਲਿਕਾਲ ਭਾਂਹੀ, ਜੀਤਿ ਭਾਵੈ ਹਾਰਿ ।
ਇਹ ਮਾਯਾ ਸਬੁ ਥੋਥਰੀ[9] ਰੇ, ਭਗਤਿ ਕੋ ਪ੍ਰਤਿ ਪਾਰਿ ।
ਕਹੈ 'ਰਵਿਦਾਸ' ਸਤਿ ਬਚਨ ਗੁਰੂ ਕੈ, ਸੋ ਨ ਜੀਅ ਤੈ ਟਾਰਿ ।।28।।

ਪ੍ਰਾਨੀ ਕਿਆ ਮੇਰਾ ਕਿਆ ਤੇਰਾ ? ਜੈਸੇ ਤਰਵਰ[10] ਪੰਖਿ ਬਸੇਰਾ ।।
ਜਲ ਕੀ ਭੀਤਿ[11] ਪਵਨ ਕਾ ਥੰਭਾ,[12] ਰਕਤ ਬੂੰਦ ਕਾ ਗਾਰਾ ।

---

1. ਆਨੰਦ 2. ਖੇਡ, ਲੀਲਾ, ਸੰਸਾਰ 3. ਲੀਲ੍ਹਾ ਕਰਨ ਵਾਲਾ, ਪ੍ਰਭੂ 4. ਪਰਦਾ 5. ਸਾਥੀ 6. ਹੱਥ 7. ਤਾਂ, ਭਲਾ 8. ਸੰਬੰਧ, ਸੂਤ੍ਰ 9. ਝੂਠੀ, ਥੋਥੀ 10, ਰੁਖ 11. ਕੰਧ 12. ਖੰਭਾ

ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ[1] ਬਸੈ ਬਿਚਾਰਾ ।
ਰਾਖਹੁ ਕੰਧ[2] ਉਸਾਰਹੁ ਨੀਵਾਂ ਸਾਡੇ ਤੀਨਿ ਹਾਥ ਤੇਰੀ ਸੀਵਾਂ[3] ।
ਬੰਕੇ[4] ਬਾਲ ਪਾਸ ਸਿਰਿ ਡੇਰੀ[5] ਇਹ ਤਨੁ ਹੁਇਗੋ ਭਸਮ ਕੀ ਢੇਰੀ ।।
ਊਚੇ ਮੰਦਰ ਸੁੰਦਰ ਨਾਰੀ ਰਾਮ ਨਾਮ ਬਿਨੁ ਬਾਜੀ ਹਾਰੀ ।
ਮੇਰੀ ਜਾਤਿ ਕਮੀਨੀ ਪਾਤਿ ਕਮੀਨੀ ਓਛਾ ਜਨਮੁ ਹਮਾਰਾ ।
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ।।29।।

ਹੁਸਿਆਰੀ ਹੁਸਿਆਰਾ ਰੇ ।
ਮਨ ਜਪਿ ਲੈ ਰਾਮ ਪਿਆਰਾ ਰੇ ।। ਟੇਕ ।।
ਗੜ੍ਹ[6] ਕਾਂਚਾ[7] ਤਸਕਰ[8] ਲਾਗਾ ਰੇ, ਤੂ ਕਾਹੇ ਨ ਜਾਨ ਅਭਾਗਾ ਰੇ ।
ਨੇਤ੍ਰ ਪਸਾਰਿ ਨ ਦੇਖੈ ਰੇ, ਤੇਰਾ ਜਨਮ ਮਰਨ ਕੇਹਿ ਲੇਖੈ[9] ਰੇ ।
ਪਾਉਂ ਪਸਾਰਿ ਕਯਾ ਸੋਯਾ ਰੇ, ਤੈਂ ਜਨਮ ਅਕਾਰਥ ਖੋਯਾ ਰੇ ।।
ਜਨ 'ਰਵਿਦਾਸ' ਰਾਮ ਮਿਲਜੈ ਰੇ, ਕਛੁ ਜਾਗਤਿ ਖਹਰਾ ਕੀਜੈ ਰੇ ।।30।।

ਕਾਹੇ ਮਨ ਮਾਰਨ ਬਨ ਜਾਈ, ਮਨ ਕੋ ਮਾਰ ਕਵਨ ਸਿਧਿ ਪਾਈ ।
ਬਨ ਜਾਕਰਿ ਇਹ ਮਨਵਾ ਨ ਮਰਹੀਂ, ਮਨ ਕੌ ਮਾਰਿ ਕਹਹੁ ਕਸ ਤਰਹੀਂ ।
ਮਨ ਮਾਰਨ ਕਾ ਗੁਨ ਮਨ ਮਾਹੀਂ, ਮਨੁ ਮੂਰਖ ਤਿਸ ਜਾਨਤ ਨਾਂਹੀ ।
ਪੰਚ ਬਿਕਾਰ ਜੋ ਇਹਿੰ ਮਨ ਤਯਾਗੈ, ਤੌ ਮਨ ਰਾਮ ਚਰਣ ਮਹਿ ਲਾਗੇ ।
ਰਿਦੈ ਰਾਮ ਸੁਧ[10] ਕਰਮ ਕਮਾਵਉ, ਤੌ 'ਰਵਿਦਾਸ' ਮਧੁ ਸੂਦਨ[11] ਪਾਵਉ ।।31।।

ਅਨੁਭੂਤੀ

ਗਾਇ ਗਾਇ ਅਬ ਕਾ ਕਹਿ ਗਾਉਂ । ਗਾਵਨ ਹਾਰਾਂ ਕੂੰ ਨਿਕਟ ਬਤਾਉਂ ।। ਟੇਕ ।।
ਜਬ ਲਗਿ ਹੈ ਯਾ[12] ਤਨ ਕੀ ਆਸਾ, ਤਬ ਲਗਿ ਕਰੈ ਪੁਕਾਰਾ ।
ਜਬ ਮਨ ਮਿਲਿਓ ਆਸ ਨਹੀਂ ਤਨ ਕੀ, ਤਬ ਕੋ ਗਾਵਨਹਾਰਾ ।।
ਜਬ ਲਗਿ ਨਦੀ ਨ ਸਮੁੰਦਰ ਸਮਾਵੇ, ਤਬ ਲਗਿ ਬਢੈ ਹੰਕਾਰਾ ।।
ਜਬ ਮਨ ਮਿਲਿਓ ਰਾਮ-ਸਾਗਰ ਸੂੰ, ਤਬ ਯਹੁ ਮਿਟੀ ਪੁਕਾਰਾ ।

---

1. ਪੰਛੀ, ਜੀਵ ਆਤਮਾ 2. ਦੀਵਾਰ 3. ਹੱਦ 4. ਸੁੰਦਰ 5. ਟੇਢੀ, ਤਿਰਛੀ 6. ਸਰੀਰ ਰੂਪੀ ਕਿਲਾ 7. ਕੱਚਾ 8. ਚੋਰ 9. ਵਾਸਤੇ 10. ਸ਼ੁੱਧ, ਪਵਿੱਤਰ 11. ਭਗਵਾਨ ਦਾ ਇਕ ਨਾਮ 12. ਇਸ

ਜਬ ਲਗਿ ਭਗਤਿ ਮੁਕਤਿ ਕੀ ਆਸਾ, ਪਰਮ ਤੱਤ ਸੁਨਿ ਗਾਵੈ ।
ਜਹੰ-ਜਹੰ ਆਸ ਧਰਤ ਹੈ ਯਹੁ ਮਨ, ਤਹੰ ਤਹੰ ਕਛੂ ਨ ਪਾਵੈ ।
ਛਾਂਡੈ ਆਸ ਨਿਰਾਸ ਪਰਮਪਦ, ਤਬ ਸੁਖ ਸਤਿ ਕਰ ਹੋਈ ।
ਕਹੈ 'ਰਵਿਦਾਸ' ਜਾਸੂੰ ਅਉਰ ਕਹਤ ਹੈ, ਪਰਮ ਤੱਤ ਅਬ ਸੋਈ ॥32॥

ਐਸੋ ਕਛੁ ਅਨਭਉ[1] ਕਹਤ ਨਾ ਆਵੈ ।
ਸਾਹਿਬ ਮੇਰੋ ਮਿਲੈ, ਤਉ ਕੋ ਬਿਗਰਾਵੈ[2] ॥ ਟੇਕ ॥
ਸਬ ਮੈ ਹਰਿ ਹੈ ਹਰਿ ਮੈ ਸਬ ਹੈ, ਹਰਿ ਅਪਨ[3] ਪਉ ਜਿਨਿ ਜਾਨਾ ।
ਆਪਨਿ ਆਪਿ ਸਾਖੀ[4] ਨਹਿੰ ਦੂਸਰ, ਜਾਨਨਹਾਰ ਸਮਾਨਾ ।
ਬਾਜੀਗਰ ਸੂ ਰਾਂਚਿ ਰਹੀਏ, ਬਾਜੀ ਕੂੰ ਮਰਮ[5] ਇਨਿ ਜਾਨਾ ।
ਬਾਜੀ ਝੂਠ ਸਾਂਚ ਬਾਜੀਗਰ, ਜਾਨਾ ਮਨ ਪਤਿਆਨਾ[6] ।
ਮਨ ਥਿਰ ਹੋਈ ਤਉ ਕਾਈ ਨ ਸੂਝੈ, ਜਾਨੈ ਜਾਨਨਹਾਰਾ ।
ਕਹੈ 'ਰਵਿਦਾਸ' ਬਿਮਲ ਬਿਬੇਕ ਸੁਖ, ਸਹਜ ਸਰੂਪ ਸੰਵਾਰਾ ॥33॥

ਅਬ ਮੋਹਿ ਖੂਬ ਵਤਨਗਹ ਪਾਈ ਊਹਾਂ ਖੈਰਿ ਸਦਾ ਮੇਰੇ ਭਾਈ ॥ ਰਹਾਉ ॥
ਬੇਗਮਪੁਰਾ[7] ਸਹਰ ਕੋ ਨਾਉ ਦੂਖੁ ਅੰਦੋਹੁ[8] ਨਹੀਂ ਤਿਹਿ ਠਾਉ ।
ਨ ਤਸਵੀਸ[9] ਖਿਰਾਜੁ[10] ਨ ਮਾਲੁ, ਖਉਫੁ ਨ ਖਤਾ[11] ਨ ਤਰਸੁ[12] ਜਵਾਲੁ[13] ॥
ਕਾਇਮੁ ਦਾਇਮੁ[14] ਸਦਾ ਪਾਤਿਸਾਹੀ, ਦੋਮ ਨ ਸੇਮ,[15] ਏਕ ਸੋ ਆਹੀ ॥
ਆਬਾਦਾਨੁ[16] ਸਦਾ ਮਸਹੂਰ, ਊਹਾਂ ਗਨੀ ਬਸਹਿ ਮਾਮੂਰ ॥
ਤਿਉ ਤਿਉ ਸੈਲ ਕਰਹਿ ਜਿਉਂ ਭਾਵੈ ਮਰਹਮ[17] ਮਹਲ ਨ ਕੋ ਅਟਕਾਵੈ ।
ਕਹਿ ਰਵਿਦਾਸ ਖਲਾਸ[13] ਚਮਾਰਾ ਜੋ ਹਮ-ਸਹਰੀ[18] ਸੁ ਮੀਤੁ ਹਮਾਰਾ ॥34॥

ਦੇਹੁ ਕਲਾਲੀ[20] ! ਯੇਕ ਪਿਯਾਲਾ, ਐਸਾ ਅਵਧੂ[21] ਹੋਇ ਮਤਵਾਲਾ ॥ ਟੇਕ ॥
ਕਹੈ ਕਲਾਲੀ ਪਿਯਾਲਾ ਦੇਉਂ, ਪੀਵਨਹਾਰੈ ਕਾ ਸਿਰ ਲੇਉਂ ।
ਐਰੀ ਕਲਾਲੀ ! ਤੈਂ ਕਯਾ ਕੀਯਾ ਸਿਰਕਾ ਸਾ ਤੈਂ ਪਿਆਲਾ ਦੀਆ ॥

---

1. ਅਨੁਭਵ, ਅਨੁਭੂਤੀ 2. ਅੱਡ ਹੋਣਾ 3. ਆਪਣੇ ਆਪ 4. ਪ੍ਰਮਾਣ 5. ਭੇਦ 6. ਵਿਸ਼ਵਾਸ ਕਰਨਾ 7. ਚਿੰਤਾ ਰਹਿਤ ਸਥਾਨ 8. ਅੰਦੇਸ਼ਾ, ਭੈ 9. ਸੋਚ, ਘਬਰਾਹਟ 10. ਕਰ, ਟੈਕਸ 11. ਦੋਸ਼ 12. ਦਇਆ, ਕ੍ਰਿਪਾ 13. ਪਤਨ, ਗਿਰਾਵਟ 14. ਸਥਿਰ ਰਹਿਣ ਵਾਲਾ 15. ਦੂਸਰਾ ਨਾ ਤੀਸਰਾ 16. ਉਥੇ ਦੇ ਰਹਿਣ ਵਾਲੇ 17. ਭੇਤ 18. ਮੁਕਤ 18. ਇਕੋ ਸ਼ਹਿਰ ਦੇ 20. ਸ਼ਰਾਬ ਵੇਚਣ ਵਾਲਾ, ਗੁਰੂ 21. ਸਾਧਕ

ਸਿਰਕੈ ਸਾਟੈ[1] ਮਹਿੰਗਾ ਭਾਰੀ, ਪੀਵੈਗਾ ਅਪਨਾ ਸਿਰ ਡਾਰੀ ॥
ਚੰਦ ਸੂਰ ਦੋਊ ਸਨਮੁਖ ਹੋਈ, ਪੀਵੈ ਪਿਆਲਾ ਮਰੈ ਨ ਕੋਈ ।
ਸਹਜ ਸੁਨਿ[2] ਮੇਂ ਭਾਠੀ ਸ੍ਰਵੈ,[3] ਪੀਵੈ 'ਰਵਿਦਾਸ' ਗੁਰਮੁਖ ਦ੍ਰਵੈ[4] ॥35॥

ਪੀਯਾ ਰਾਮ ਰਸਿ ਪੀਯਾ ਰੇ ।
ਤਾ ਤੈਂ ਅਮਰ ਜੁਗੋ-ਜੁਗ ਜੀਯਾ ਰੇ ॥ ਟੇਕ ॥
ਦਯਾ ਸੁਰਾਹੀ ਤੱਤੁ ਪਿਆਲਾ ਨਿਰਭਉ ਅਮਰਿਤ ਚੀਨਾ ਰੇ ॥
ਭਰਿ-ਭਰਿ ਦੇਵੈ ਸੁਰਤ ਕਲਾਲੀ, ਦਰਿਯਾ ਦਰਿਯਾ ਪੀਨਾ ਰੇ ॥
ਮਨਿਮਾਤਾ ਮਨ ਮਾ ਮਤਵਾਰੀ, ਚਿਤ ਗਲਤਾਨ[5] ਹੈਰਾਨਾ ਰੇ ।
ਪੀਵਤੁ ਪੀਵਤੁ ਆਪਾ ਭੂਲਾ, ਪੀਵਨਹਾਰ ਬਿਲਾਨਾ ਰੇ ॥
ਪਾਂਚ[6] ਪਚੀਸ[7] ਤੀਨ[8] ਅਰੁ ਚਾਰਾ,[9] ਮਜਲਸ ਮਾਂਹਿ ਘਿਰਾਨਾ ਰੇ ।
ਪੀਵਤੁ ਪੀਵਤੁ ਉਨਮਤ ਮਾਮਾ, ਅਲਮਸਤੀ ਦੀਵਾਨਾ ਰੇ ।
ਦਰਿ ਘਰਿ ਭੂਲਿ ਗਇਓ 'ਰਵਿਦਾਸਾ', ਆਸਾ ਸਦ ਮਤਵਾਰੀ ਰੇ ।
ਪਲੁ ਪਲੁ ਪ੍ਰੇਮ ਪਿਆਲਾ ਚਾਲੈ, ਛੂਟੇ ਨਾਂਹਿ ਖੁਮਾਰੀ ਰੇ ॥36॥

ਸਰਬਤ ਦਾ ਭਲਾ

ਮਾਧਵੇ ! ਪਾਰਸ ਮਨਿ ਲੈ ਜਾਉ, ਮੋਹਿ ਸੋਨੇ ਕਾ ਨਹਿ ਚਾਉ[10] ।
ਜੋ ਮੋ ਪੈ ਰਾਮ ਦਯਾਲਾ, ਦੈਉ ਚੂਨ[11] ਲੂਨ[12] ਘਿਉ ਦਾਲਾ ॥
ਮੈਂ ਰੂਖੀ ਸੂਖੀ ਖਾਊਂ, ਔਰਨ ਕੀ ਭੂਖ ਮਿਟਾਊਂ ।
ਕੋਈ ਪਰੈ ਨ ਦੂਖ ਕੀ ਪਾਸਾ,[13] ਸਭ ਸੁਖੀ ਬਸੈ 'ਰਵਿਦਾਸਾ' ॥37॥

---

1. ਸਿਰਕੇ ਵਾਂਗ ਕਸੈਲਾ ਜਾਂ ਸਿਰਕੇ ਵਰਗਾ 2. ਅੰਮ੍ਰਿਤ ਰੂਪੀ ਗਿਆਨ 3. ਵਗਦੀ ਹੈ 4. ਦਿਆਲੂ, ਕ੍ਰਿਪਾਲੂ 5. ਡੁੱਬਿਆ 6. ਪੰਜ ਵਿਕਾਰ ਜਿਵੇਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ 7. 5 ਗਿਆਨ ਇੰਦਰੀਆਂ, 5 ਕਰਮ ਇੰਦਰੀਆਂ, 5 ਵਿਸ਼ੇ, 5 ਮਹਾਤੱਤ 5 ਪ੍ਰਾਣ, ਇਹ ਮਿਲ ਕੇ ਪੰਝੀ ਹੁੰਦੇ ਹਨ 8. ਤਿੰਨ ਗੁਣ—ਸਤੋ ਗੁਣ, ਰਜੋ ਗੁਣ ਤੇ ਤਮੋ ਗੁਣ 9. ਮਨ, ਬੁੱਧੀ, ਚਿੱਤ, ਅਹੰਕਾਰ ਆਦਿ ਚਾਰ ਅੰਤਹਕਰਨ 10. ਚਾਅ 11. ਆਟਾ 12. ਲੂਣ 13. ਬੰਧਨ

ਛਾਪਕ : ਜਨਤਕ ਪ੍ਰੈਸ, 9-ਬੀ, ਪਲੱਈਅਰ ਗਾਰਡਨ ਮਾਰਕੀਟ,
ਚਾਂਦਨੀ ਚੌਕ, ਦਿੱਲੀ-110006